# ABHUL ZADAAN



GIANI SOHAN SINGH SITAL

ਸੱਭ ਹੱਕ ਕਰਤਾ ਦੇ ਰਾਖਵੇਂ ਹਨ।

ਪ੍ਰਕਾਸ਼ਕ : ਸੋਹਣ ਸਿੰਘ 'ਸੀਤਲ'
ਸੀਤਲ ਭਵਨ, ਮਾਡਲ ਗਰਾਮ, ਲੁਧਿਆਣਾ-2

ਪਹਿਲੀ ਵਾਰ, ਨਵੰਬਰ ੧੯੮੯ ਈ.

ਮੁੱਲ 18/- ਰੁਪਏ

ਛਾਪਕ :
ਜੀ. ਐਸ. ਪ੍ਰਿੰਟਰਜ਼, ਡਾ: ਗੁਜਰ ਮਲ ਰੋਡ, ਲੁਧਿਆਣਾ।

3

18-8-1995

# ਤੱਤਕਰਾ


੧. ਕੁਦਰਤ ਦੀ ਕਰੋਪੀ — ੫
੨. ਮੇਰਾ ਪਹਿਲਾ ਖਿਡਾਵਾ — ੭
੩. ਮੈਂ ਸੁੱਖਾ ਪੀਤਾ — ੯
੪. ਮੇਰਾ ~~ਜਨਮ~~ ਨਾਮ ਸੰਸਕਾਰ — ੧੧
੫. ਸੁੱਚੇ ਕੇਸ — ੧੨
੬. ਆਪਣੇ ਲਾਏ ਦਾਗ਼ ਕਦੇ ਨਹੀਂ ਮਿਟਦੇ — ੧੪
੭. ਮੇਰੀ ਖੇਡ ਸਹੇਲੀ — ੧੬
੮. ਵਿੱਦਿਆ ਦੀ ਭੁੱਖ — ~~੨੦~~ 21
੯. ਮੈਂ ਚੋਰੀ ਕੀਤੀ — ~~੨੫~~ 26
੧੦. ਹੱਥ ਰੇਖਾਵਾਂ ਮਿਟ ਜਾਂਦੀਆਂ ਹਨ — ~~੨੬~~ 27
੧੧. ਗ਼ਲਤੀ ਨਹੀਂ ਅਪਰਾਧ — ~~੨੭~~ 28
੧੨. ਮੈਂ ਵਹੁਟੀ ਨਹੀਂ — ~~੨੮~~ 29
੧੩. ਮੈਂ ਅੱਜ ਰੋਟੀ ਨਹੀਂ ਖਾਣੀ — ~~੨੯~~ 31
੧੪. ਮੇਰੀ ਪੱਕੀ ਮੰਗਣੀ — ~~੩੨~~ 32
੧੫. ਭਵਿੱਖ ਬਾਣੀ (ਪੇਸ਼ੀਨ ਗੋਈ) — ~~੩੩~~ 35
੧੬. ਅੰਤਰਜਾਮੀ — ~~੩੫~~ 37
੧੭. ਮੇਰੇ ਇਨਾਮ ਤੇ ਸਨਮਾਨ — ~~੩੭~~ 39
੧੮. ਜ਼ਿੰਦਗੀ ਦਾ ਸਭ ਤੋਂ ਮਾਤਮੀ ਦਿਨ — ~~੪੧~~ 44
੧੯. ਸ੍ਵੈ ਭਰੋਸਾ — ~~੪੪~~ 47
੨੦. ਕਦੇ ਰਾਤ ਬੀਤੇਗੀ ਹੀ — ~~੪੬~~ 49
੨੧. ਇਹ ਵੈਰੀ ਮਿਤਰ ਸਭ ਕੀਤਿਆ — ~~੪੮~~ 51
੨੨. ਫੁੱਲਾਂ ਥੱਲੇ ਅੰਗਿਆਰ — ~~੫੨~~ 56.

੨੩. ਦੋ ਸਤਿਜੁਗੀ ਦੇਵੀਆਂ ---------- 59
੨੪. ਲੜਕੀ ਵਾਸਤੇ ਅਰਦਾਸ ---------- 60
੨੫. ਰਾਗੀਆਂ ਦੀਆਂ ਕਮਜ਼ੋਰੀਆਂ ---------- 62
੨੬. ਜੰਵ ਨਾਲ ਜਾਣਾ ਛੱਡਿਆ ---------- 65
੨੭. ਪ੍ਰਣ ਪੱਤਰ ---------- 66
੨੮. ਕਈ ਵਾਰ ਮਸ਼ਹੂਰੀ ਮਹਿੰਗੀ ਪੈਂਦੀ ਹੈ ---------- 68
੨੯. ਉਦਮ ਵਿਚ ਜ਼ਿੰਦਗੀ ਹੈ ---------- 72
੩੦. ਕੰਧਾਂ ਬੋਲਦੀਆਂ ਹਨ ---------- 74
੩੧. ਆਈ ਆਜ਼ਾਦੀ, ਆਈ ਆਜ਼ਾਦੀ ---------- 76
੩੨. ਸ਼ੈਤਾਨ ਦੇਵਤਾ ---------- 78
੩੩. ਘਰੋਂ ਬੇ-ਘਰ ਹੋ ਗਏ ---------- 81
੩੪. ਬਾਈ ਅਗਸਤ ਦੀ ਰਾਤ ---------- 83
੩੫. ਆਪਣੇ ਬੇਗਾਨੇ ਹੋ ਗਏ ---------- 85
੩੬. ਸਹਾਇਤਾ ਨਹੀਂ, ਸੌਦਾ ---------- 86
੩੭. ਸੱਚ ਕਹਿਣ ਦੀ ਸਜ਼ਾ ---------- 88
੩੮. ਮੰਗਿਆਂ ਤਾਂ ਪਾਪ ਵੀ ਉਧਾਰੇ ਨਹੀਂ ਮਿਲਦੇ ---------- 93
੩੯. ਮਲਾਇਆ ਫੇਰੀ ---------- 96
੪੦. ਪਰਦੇਸ ਨਾਲ ਸਾਂਝ ---------- 97
੪੧. ਮੇਰੀਆਂ ਬੀਮਾਰੀਆਂ ---------- 99
੪੨. ਇੰਗਲੈਂਡ ਵਿਚ ਕੀ ਵੇਖਿਆ ---------- 103
੪੩. ਕੌਣ ਜਾਏ 'ਜ਼ੌਕ' ਪਰ ਦਿੱਲੀ ਕੀ ਗਲੀਆਂ ਛੋੜ ਕਰ 107
੪੪. ਬੋਦੀ ਵਾਲਾ ਤਾਰਾ ---------- 109



ਗਿਆਨੀ ਸਰੂਪ ਸਿੰਘ ਕੜਿਆਣਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕੜਿਆਣਾ ਤਹਿ. ਫਿਲੌਰ (ਜਲੰਧਰ)

# ਕੁਦਰਤ ਦੀ ਕਰੋਪੀ

ਮੈਂ ਮਾਪਿਆਂ ਦੀ ਛੇਵੀਂ ਔਲਾਦ ਹਾਂ। ਪਹਿਲਾ ਪਲੇਠੀ ਦੀ ਲੜਕੀ ਹੋਈ। ਪਹਿਲੀ ਅੰਸ ਪਿਆਰ ਦੀ ਹੱਕਦਾਰ ਹੁੰਦੀ ਹੈ, ਭਾਵੇਂ ਲੜਕਾ ਹੋਵੇ, ਭਾਵੇਂ ਲੜਕੀ।

ਦੂਸਰੀ ਫਿਰ ਲੜਕੀ ਹੋਈ, ਜੋ ਕੁਛ ਮਹੀਨਿਆਂ ਦੀ ਹੋ ਕੇ ਗੁਜ਼ਰ ਗਈ। ਮਾਪਿਆਂ ਨੂੰ ਉਹਦਾ ਬਹੁਤਾ ਅਫ਼ਸੋਸ ਨਾ ਹੋਇਆ।

ਤੀਸਰਾ ਬਾਲ ਲੜਕਾ ਹੋਇਆ, ਜੋ ਛਿਲੇ ਵਿਚ ਹੀ ਗੁਜ਼ਰ ਗਿਆ। ਮੇਰੇ ਮਾਤਾ ਜੀ ਨੂੰ ਉਸਦੀ ਮੌਤ ਦਾ ਬਹੁਤ ਦੁੱਖ ਹੋਇਆ। ਪਰ ਅੰਦਰ ਦੀ ਪੀੜ ਜਰ ਜਾਣ ਬਿਨਾ ਕੋਈ ਚਾਰਾ ਨਹੀਂ ਸੀ।

ਉਸ ਤੋਂ ਪਿੱਛੋਂ ਦੋ ਬੀਬੀਆਂ ਹੋਈਆਂ। ਮੈਂ ਮਾਪਿਆਂ ਦੀ ਛੇਵੀਂ ਔਲਾਦ ਹਾਂ। ਛਨਿੱਛਰਵਾਰ, ਸੱਤ ਅਗਸਤ, ੧੯੦੯ ਈ. ਨੂੰ ਪਹਿਰ ਦੇ ਤੜਕੇ ਮੈਂ ਇਸ ਧਰਤੀ 'ਤੇ ਪਹਿਲਾ ਸਾਹ ਲਿਆ। ਵਧਾਈਆਂ ਨਾਲ ਕੱਚਾ ਘਰ ਗੂੰਜ ਉਠਿਆ। ਪਰ ਮੇਰੇ ਮਾਤਾ ਜੀ ਬੀਮਾਰ ਹੋ ਗਏ। ਛੇ ਮਹੀਨੇ ਮੈਨੂੰ ਮੇਰਾ ਜਨਮ ਸਿੱਧ ਹੱਕ—ਮਾਤਾ ਦਾ ਦੁੱਧ—ਨਸੀਬ ਨਾ ਹੋਇਆ। ਮੈਂ ਬੱਕਰੀ ਦੇ ਦੁੱਧ 'ਤੇ ਪਲਿਆ, ਜੋ ਪਿੱਛੋਂ ਉਮਰ ਭਰ ਮੈਨੂੰ ਕਦੇ ਵੀ ਚੰਗਾ ਨਾ ਲੱਗਾ। ਮੈਂ ਇਸਨੂੰ 'ਕੁਦਰਤ ਦੀ ਕਰੋਪੀ' ਸਮਝਦਾ ਸਾਂ। ਪਰ ਅੱਜ ਮੈਂ ਸੋਚਦਾ ਹਾਂ, ਕਿ ਕੁਦਰਤ ਮੈਨੂੰ ਉਹਨਾਂ ਬੀਮਾਰੀਆਂ ਦਾ ਟਾਕਰਾ ਕਰਨ ਯੋਗ ਬਣਾ ਰਹੀ ਸੀ, ਜੋ ਇਸ ਸਰੀਰ ਨੂੰ ਪਿਛੋਂ ਭੁਗਤਣੀਆਂ ਪਈਆਂ।

ਕਹਿੰਦੇ ਹਨ ਜਿਸ ਕਮਰੇ ਵਿਚ ਲੜਕਾ ਜਨਮ ਲੈਂਦਾ ਹੈ, ਉਹਦੀਆਂ ਨੀਂਆਂ ਕੰਬਦੀਆਂ ਹਨ। ਉਹ ਸੋਚਦੀਆਂ ਹਨ, ਕਿ ਇਕ ਦਿਨ ਇਹਨੇ ਸਾਨੂੰ ਜੜ੍ਹਾਂ ਤਕ ਹਿਲਾ ਦੇਣਾ ਹੈ। ਜੇ ਇਹ ਨਿਕੰਮਾ ਹੋਇਆ, ਤਾਂ ਸਾਨੂੰ ਵੇਚ ਦੇਵੇਗਾ। ਤੇ ਜੇ ਹਿੰਮਤ ਵਾਲਾ ਹੋਇਆ, ਤਾਂ ਸਾਨੂੰ ਢਾਹ ਕੇ ਨਵੀਂ ਚੰਗੀ ਇਮਾਰਤ ਉਸਾਰੇਗਾ। ਹਰ ਹਾਲ ਸਾਡੀ

ਖ਼ੈਰ ਨਹੀਂ ।

ਜਿਸ ਕੱਚੇ ਕਮਰੇ ਵਿਚ ਮੇਰਾ ਜਨਮ ਹੋਇਆ, ਉਸ ਵਿਚ ਚੂਹਿਆਂ ਦੀਆਂ ਖੁੱਡਾਂ ਸਨ, ਜੋ ਸੌਣ ਵਾਲਿਆਂ ਉਤੇ ਭੁੜਕ ਭੁੜਕ ਕੇ ਦੱਸਦੇ ਸਨ, ਕਿ ਰਾਤ ਕਿੰਨੀ ਬੀਤ ਗਈ ਹੈ । ਫਿਰ ਵੀ ਕੋਈ ਸੋਤੜ ਨਾ ਜਾਗੇ, ਤਾਂ ਉਹਦੇ ਨੰਗੇ ਹੱਥ ਉਤੇ ਦੰਦੀ ਵੀ ਵਢ ਦੇਂਦੇ ਸਨ । ਪਤਾ ਨਹੀਂ, ਮੇਰੇ ਨਾਲ ਇਹ ਕਿੰਨੀ ਵਾਰੀ ਹੋਇਆ ।

ਈਸ਼ਵਰ ਨੇ ਬਲ ਬਖ਼ਸ਼ਿਆ । ਮੈਂ ਵੱਡੇ ਹੋ ਕੇ ਚੂਹਿਆਂ ਨੂੰ ਉਸ ਘਰ ਵਿਚੋਂ ਦੇਸ-ਨਿਕਾਲਾ ਦੇ ਦਿਤਾ । ਕੱਚਿਆਂ ਕੋਠਿਆਂ ਦੀ ਥਾਂ, ਉਹਨਾਂ ਹੀ ਨੀਆਂ ਉਤੇ ਸੱਤ ਕਮਰਿਆਂ ਦਾ ਸੀਮਿੰਟਿਡ ਵਿਸ਼ਰਾਮ-ਘਰ ਬਣਾ ਲਿਆ । ਰਾਜਨੀਤੀ ਦੇ ਕਰੂਰ ਚੱਕਰ ਦਾ ਮਾਰਿਆ ਉਹ ਪਾਕਸਤਾਨ ਵਿਚ ਛੱਡ ਆਇਆ ਹਾਂ ।

G.S.S.K.
18-8-95.

# ਮੇਰਾ ਪਹਿਲਾ ਖਿਡਾਵਾ

ਮੇਰੇ ਤਾਇਆ ਜੀ (ਸ. ਨਿਹਾਲ ਸਿੰਘ ਜੀ) ਮੇਰੇ ਪਿਤਾ ਜੀ ਨਾਲੋਂ ਤਿੰਨ ਸਾਲ ਵੱਡੇ ਸਨ। ਉਹ ਸਾਰੀ ਉਮਰ ਸਾਧੂ-ਮਤੇ ਹੀ ਰਹੇ, ਨਾ ਵਿਆਹ ਕਰਾਇਆ, ਨਾ ਹੱਥੀਂ ਕਾਰ ਕੀਤੀ। ਸਾਡੇ ਘਰ ਤੋਂ ਪੌਣਾ-ਕੁ ਮੀਲ ਦੂਰ ਖੇਤਾਂ ਵਿਚ ਛੇਵੇਂ ਗੁਰੂ (ਮੀਰੀ ਪੀਰੀ ਦੇ ਮਾਲਕ) ਦਾ ਅਸਥਾਨ ਸੀ। ਨਾਮ ਸੀ 'ਗੁਰੂ ਕਾ ਝਾੜ'। ਪੈਂਤੀ-ਚਾਲੀ ਏਕੜ ਬਰਾਨੀ ਜ਼ਮੀਨ, ਜਿਸਦੀ ਕੁਦਰਤੀ ਵਾੜ ਝਾੜੀਆਂ ਦੀ ਸੀ। ਮੀਂਹ ਪਿਆ, ਤਾਂ ਕੁਛ ਕਣਕ-ਛੋਲੇ ਹੋ ਗਏ।

ਉਸ ਗੁਰਦੁਆਰੇ ਵਿਚ ਪੰਜ-ਸੱਤ ਸਿੱਖ ਸਾਧੂ ਟਿਕੇ ਰਹਿੰਦੇ। ਛਕਣ ਜੋਗੇ ਪਰਸਾਦੇ ਉਹ ਪਿੰਡਾਂ ਵਿਚੋਂ (ਵਾਰੀ ਨਾਲ) ਗਜਾ ਕਰ ਲਿਆਉਂਦੇ, ਤੇ ਆਪਣੇ ਛਕਣ ਜੋਗਾ ਸੁੱਖਾ ਤੇ ਪੋਸਤ ਉਹ ਪਾਣੀ ਪੀਣ ਵਾਲੀ ਖੂਹੀ ਦੇ ਨੇੜੇ ਬੀਜ ਲੈਂਦੇ। ਪਹਿਨਣ ਜੋਗਾ ਖੱਦਰ, ਸ਼ਰਧਾਲੂ ਮਾਈਆਂ ਵੱਲੋਂ ਸੁੱਖਣਾ ਦੇ ਰੇਜੇ ਬਥੇਰੇ ਆ ਜਾਂਦੇ।

ਮੇਰੇ ਤਾਇਆ ਜੀ ਵਧੇਰੇ ਓਥੇ ਹੀ ਰਿਹਾ ਕਰਦੇ। ਕਿਤੇ ਮਹੀਨੇ, ਦੋ ਮਹੀਨੇ ਪਿੱਛੋਂ ਘਰ ਔਂਦੇ, ਭਰਾ (ਮੇਰੇ ਪਿਤਾ ਜੀ) ਪਾਸੋਂ, ਕੁਛ ਪੈਸੇ ਲੈਣ ਵਾਸਤੇ।

ਮੇਰੇ ਜਨਮ ਪਿਛੋਂ ਉਹ ਵਧੇਰੇ ਘਰ ਆ ਕੇ ਰਹਿਣ ਲੱਗ ਪਏ। ਮੇਰਾ ਮੋਹ। ਪਰ ਇਕ ਵਾਰ 'ਗੁਰੂ ਕੇ ਝਾੜ' ਜ਼ਰੂਰ ਚੱਕਰ ਲਾ ਔਂਦੇ।

ਮੈਂ ਤਿੰਨ-ਕੁ ਮਹੀਨੇ ਦਾ ਹੋ ਗਿਆ, ਤਾਂ ਤਾਇਆ ਜੀ ਮੈਨੂੰ ਚੁੱਕ ਕੇ ਘਰੋਂ ਬਾਹਰ ਪਿੰਡ ਦੇ ਗੁਰਦੁਆਰੇ ਤਕ ਲੈ ਜਾਂਦੇ। ਪਿੰਡ ਦੇ ਬਜ਼ੁਰਗ ਵਿਹਲੇ ਸਮੇਂ ਓਥੇ ਹੀ ਮਿਲ-ਬੈਠਿਆ ਕਰਦੇ ਸਨ।

ਮੇਰੇ ਪੈਰਾਂ ਵਿਚ ਕੜੀਆਂ ਵਰਗੀਆਂ ਚਾਂਦੀ ਦੀਆਂ ਪਾਜ਼ੇਬਾਂ ਹੁੰਦੀਆਂ ਸਨ। ਹੋ ਸਕਦਾ ਹੈ, ਉਹ ਕਿਸੇ ਵੱਡੀ ਭੈਣ ਦੀਆਂ ਹੋਣ। ਮੇਰੇ ਤਾਇਆ

ਜੀ ਮੈਨੂੰ ਕੁੱਛੜ ਚੁੱਕੀ ਸੱਜੇ ਹਨ ਨਾਲ ਪਾਜੇਬਾਂ ਦੇ ਬੋਰ ਖੜਕਾਉਂਦੇ ਰਹਿੰਦੇ । ਇਹ ਉਹਨਾਂ ਦਾ ਮਨ-ਭਾਉਂਦਾ ਸਾਜ਼ ਸੀ । ਸੁੱਖੇ ਤੇ ਅਫ਼ੀਮ ਦਾ ਨਸ਼ਾ, ਤੇ ਚਾਂਦੀ ਦੇ ਬੋਰਾਂ ਦੀ ਮਿੱਠੀ ਸਿੱਠੀ ਵਾਜ, ਸਾਰਾ ਦਿਨ ਉਹ ਇਸ ਵਿਚ ਮਸਤ ਰਹਿੰਦੇ ।

ਇਸ ਮਸਤੀ ਵਿਚ ਕਈ ਵਾਰ 'ਗੁਰੂ ਕੇ ਝਾੜ' ਜਾਣਾ ਵੀ ਭੁੱਲ ਜਾਂਦੇ । ਅੱਜ ਮੈਂ ਸੋਚਦਾ ਹਾਂ, ਕਿ ਦਿਲ-ਪਰਚਾਵੇ ਤੋਂ ਬਿਨਾਂ ਤਾਂ 'ਆਦਮ' ਬਹਿਸ਼ਤ ਵਿਚ ਵੀ ਉਦਾਸ ਹੋ ਜਾਂਦਾ ਹੈ ।

---

G.S.S.K.
18-8-1995

# ਮੈਂ ਸੁੱਖਾ ਪੀਤਾ

ਉਮਰ ? ਸਵਾ ਸਾਲ ਨਹੀਂ, ਤਾਂ ਡੇਢ ਸਾਲ ਹੋਵੇਗੀ ।

ਮੇਰੇ ਤਾਇਆ ਜੀ ਬੜਾ ਗਾੜ੍ਹਾ ਸੁੱਖਾ ਛਕਿਆ ਕਰਦੇ ਸਨ। ਸੁੱਖੇ, ਅਫ਼ੀਮ ਤੇ ਪੋਸਤ ਦਾ ਰੋਗ ਉਹਨਾਂ ਨੂੰ ਉਹਨਾਂ ਦੇ ਚਾਚਾ ਜੀ (ਸ. ਫ਼ਤਹਿ ਸਿੰਘ ਜੀ) ਨੇ ਛੋਟੀ ਉਮਰ ਤੋਂ ਹੀ ਲਾ ਦਿਤਾ ਸੀ। ਤਾਇਆ ਜੀ ਨੇ ਸੁੱਖਾ ਤਿਆਰ ਕੀਤਾ। ਭਰਿਆ ਛੰਨਾ ਉਠਾ ਕੇ ਉਹ ਮੂੰਹ ਨੂੰ ਲੌਣ ਹੀ ਲੱਗੇ ਸਨ, ਜਾਂ ਪਾਜੇਬਾਂ ਦੇ ਬੋਰ ਛਣਕਾਉਂਦਾ ਮੈਂ ਵੀ ਪਹੁੰਚ ਗਿਆ। ਮੈਂ ਦੋਵੇਂ ਹੱਥ ਉਹਨਾਂ ਦੇ ਛੰਨੇ ਨੂੰ ਪਾ ਲਏ। ਮੋਹ ਵੱਸ ਉਹ ਮੈਨੂੰ ਰੋਕ ਨਾ ਸੱਕੇ। ਮੈਂ ਦੋ ਘੁੱਟ ਭਰ ਲਏ। ਬੱਸ, ਖ਼ਾਲਸਾ ਓਨੇ ਨਾਲ ਹੀ ਅੜਿੰਗ-ਬੜਿੰਗ ਹੋ ਗਿਆ। ਇਕ ਘੰਟੇ ਪਿੱਛੋਂ ਮੈਂ ਪੂਰੀ ਤਰ੍ਹਾਂ ਬੇਹੋਸ਼ ਪਿਆ ਸਾਂ ।

ਤਾਇਆ ਜੀ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ। ਉਸ ਵੇਲੇ ਥੋੜ੍ਹਾ ਜੇਹਾ ਦਿਨ ਖਲਾ ਸੀ। ਨਵਾਂ ਪਿੰਡ ਹੋਣ ਕਰਕੇ ਚਾਰ ਕਨਾਲ ਦੀ ਖੁੱਲ੍ਹੀ ਹਵੇਲੀ ਸੀ।

ਮੇਰੇ ਮਾਤਾ ਪਿਤਾ ਤੇ ਵੱਡੀਆਂ ਭੈਣਾਂ ਮੇਰੇ ਕੋਲ ਬੈਠੀਆਂ ਹੱਥ ਜੋੜੀ ਅਰਦਾਸ ਕਰ ਰਹੀਆਂ ਸਨ। ਉਹਨਾਂ ਦੀ ਆਸਾਂ ਦੀ ਬੇੜੀ ਘੁੰਮਣਘੇਰ ਵਿਚ ਪਈ ਗੋਤੇ ਖਾ ਰਹੀ ਸੀ ।

ਤੇ ਤਾਇਆ ਜੀ ਵਿਹੜੇ ਵਿਚ ਗੁਰਦੁਆਰਾ 'ਗੁਰੂ ਕੇ ਝਾੜ' ਵੱਲ ਮੂੰਹ ਕੀਤੀ ਹੱਥ ਜੋੜੀ ਖਲੇ ਸਨ। ਉਹਨਾਂ ਦੇ ਹੰਝੂ ਸਫ਼ੈਦ ਦਾੜ੍ਹੇ ਉੱਤੇਂ ਦੀ ਤਿਲਕ ਤਿਲਕ ਕੇ ਧਰਤੀ ਨੂੰ ਚੁੰਮ ਰਹੇ ਸਨ। ਰਾਤੀਂ ਨਾ ਕਿਸੇ ਪੱਕੀਆਂ, ਨਾ ਖਾਧੀਆਂ ।

ਤੜਕੇ ਚਾਰ ਵਜੇ ਮੈਨੂੰ ਹੋਸ਼ ਆਈ। ਮੈਂ ਅੱਖਾਂ ਖੋਹਲੀਆਂ ਤੇ ਪਾਣੀ ਮੰਗਿਆ । ਮਾਤਾ-ਪਿਤਾ ਤੇ ਭੈਣਾਂ ਦੀ ਜਾਨ ਵਿਚ ਜਾਨ ਆਈ। ਵੱਡੀ ਭੈਣ ਓਸੇ ਵੇਲੇ ਭੱਜੀ ਭੱਜੀ ਵਿਹੜੇ ਵਿਚ ਗਈ।

"ਤਾਇਆ ! ਤਾਇਆ ! ਕਾਕੇ ਨੂੰ ਹੋਸ਼ ਆ ਗਈ ਏ। ਉਹਨੇ ਪਾਣੀ ਮੰਗਿਆ ਏ। ਭਾਵੇਂ ਚੱਲ ਕੇ ਵੇਖ ਲੈ।"

ਤਾਇਆ ਜੀ ਨੇ 'ਗੁਰੂ ਕੇ ਝਾੜ' ਵੱਲ ਸਿਰ ਝੁਕਾ ਕੇ ਮੱਥਾ ਟੇਕਿਆ। ਮੇਰੀ ਭੈਣ ਉਹਨੂੰ ਬਾਂਹੋਂ ਫੜ ਕੇ ਅੰਦਰ ਲੈ ਆਈ। ਤਾਇਆ ਜੀ ਨੇ ਝੁਕ ਕੇ ਮੇਰੇ ਸਿਰ 'ਤੇ ਹੱਥ ਫੇਰਿਆ। ਫਿਰ ਅੱਖਾਂ ਪੂੰਝਦੇ ਹੋਏ ਮੇਰੀ ਮਾਤਾ ਜੀ ਦੇ ਸਿਰ 'ਤੇ ਹੱਥ ਧਰ ਕੇ ਕਹਿਣ ਲੱਗੇ, "ਬੀਬਿਆ ! ਪਰਮਾਤਮਾ ਨੇ ਮੇਰੀ ਪਤ ਰੱਖ ਲਈ। ਮੈਂ ਮੋਹ ਵੱਸ ਇਸ ਨੂੰ ਰੋਕ ਨਹੀਂ ਸੱਕਿਆ। ਜਾਣਦੀ ਏਂ, ਮੈਂ ਸਾਰੀ ਰਾਤ ਕਿਵੇਂ ਕੱਟੀ ਏ ? ਮੈਂ ਸੋਚਦਾ ਸਾਂ, ਜ ਕਾਕੇ ਨੂੰ ਕੁਛ ਹੋ ਗਿਆ, ਤਾਂ ਮਰਨ ਪਿਛੋਂ ਵੀ ਇਹ ਕਲੰਕ ਮੇਰੇ ਮੱਥਿਓਂ ਨਹੀਂ ਲਹੇਗਾ। ਲੋਕ ਕਹਿਣਗੇ, ਪਿਛਲੀ ਉਮਰ ਭਰਾ ਦੇ ਘਰ ਪੁੱਤਰ ਹੋਇਆ ਸੀ। ਇਸ ਪਾਪੀ ਨੇ ਕੁਛ ਦੇ ਕੇ ਮਾਰ ਦਿਤਾ ਏ। ਹੁਣ...ਹੁਣ...ਮੈਂ ਕਦੇ ਇਹ ਗ਼ਲਤੀ ਨਹੀਂ ਕਰਾਂਗਾ। ਗੁਰੂ ਮਹਾਰਾਜ ! ਮੇਰਾ ਬੱਚਾ ਜੁੱਗ ਜੁੱਗ ਜੀਵੇ, ਤੇ ਵੱਡਿਆਂ ਦਾ ਨਾਮ ਉੱਚਾ ਕਰੇ।"

G.S.S.K. 18-8-95

——

# ਮੇਰਾ ਨਾਮ ਸੰਸਕਾਰ

ਪੁਰਾਣਾ ਕਾਜ਼ੀਆਂ ਦਾ ਪਿੰਡ (ਕਾਦੀਵਿੰਡ), ਜੋ ਸਾਡੇ ਵੱਡਿਆਂ ਨੇ ਉਹਨਾਂ ਕੋਲੋਂ ਖੋਹਿਆ ਸੀ, ਉਹ ਛੱਡ ਕੇ-ਤਰਨ ਤਾਰਨ ਵਾਲੀ-ਰੋਹੀ ਦੇ ਕੰਢੇ, ਪੰਜ ਥਾਂਈਂ ਹੋ ਬੈਠਾ। ਸਾਡੇ ਪਿੰਡ ਦਾ ਨਾਮ ਤਾਂ 'ਕਾਦੀਵਿੰਡ'ਹੀ ਰਿਹਾ, ਤੇ ਬਾਕੀਆਂ ਦੇ ਨਾਮ ਪਰਚਲਤ ਹੋਏ 'ਤਰਗੇ', 'ਵਰਨ', 'ਬੱਲਾਂ ਵਾਲਾ' ਤੇ 'ਨੱਥੂ ਵਾਲਾ'।

ਇਲਾਕੇ ਵਿਚ ਨਹਿਰਾਂ ਆ ਗਈਆਂ, ਤਾਂ ੧੯੦੬ ਈ: ਵਿਚ ਸਾਡੇ ਬਜ਼ੁਰਗਾਂ ਰੋਹੀ ਵਾਲਾ ਪਿੰਡ ਛੱਡ ਕੇ ਉਸ ਤੋਂ ਡੇਢ ਮੀਲ ਲਹਿੰਦੇ ਵੱਲ ਨਵਾਂ ਪਿੰਡ ਆ ਬੱਧਾ। ਨਾਮ ਓਹਾ ਰਿਹਾ 'ਕਾਦੀਵਿੰਡ'।

ਵਿਚਕਾਰ ਇਕ ਏਕੜ ਥਾਂ ਗੁਰਦੁਆਰੇ ਵਾਸਤੇ ਰੱਖ ਲਈ। ਉਸ ਤੋਂ ਪੱਛਮ ਵੱਲ ਪੰਦਰਾਂ-ਸੋਲਾਂ ਘਰ ਜੱਟ ਸਿੱਖਾਂ ਦੇ ਵੱਸੇ। ਗੁਰਦੁਆਰੇ ਤੋਂ ਚੜ੍ਹਦੇ ਪਾਸੇ ਮੁਸਲਮਾਨਾਂ ਦੀ ਵਸੋਂ ਸੀ। ਤੇ ਧੁਰ ਚੜ੍ਹਦੇ ਪਾਸੇ 'ਹਰੀਜਨਾਂ' ਦੀ।

ਗੁਰਦੁਆਰੇ ਦੇ ਦੋ ਕੱਚੇ ਕਮਰੇ ਛੱਤ ਕੇ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੀੜ ਵੀ ਰੱਖ ਲਈ। ਪਰ ਗ੍ਰੰਥੀ ਅਨਪੜ੍ਹ ਹੀ ਸੀ। ਏਹੋ ਜੇਹੇ ਛੋਟੇ ਪਿੰਡ ਵਿਚ ਪੜ੍ਹਿਆ ਲਿਖਿਆ ਗ੍ਰੰਥੀ ਕਿਵੇਂ ਟਿਕਦਾ। ਫਿਰ ਮੇਰਾ ਨਾਮ ਕੌਣ ਰੱਖਦਾ। ਪਰ ਬਿਨਾਂ 'ਨਾਮ' ਵੀ ਤਾਂ ਨਹੀਂ ਸਰਦਾ।

ਜ਼ਿਦੋ-ਜ਼ਿਦੀ ਭੈਣਾਂ ਨੇ ਚੁੱਕੀ ਫਿਰਨਾ ਤੇ ਹਰ ਇਕ ਨੇ ਲਾਡ ਨਾਲ ਕਹਿਣਾ 'ਮੇਰਾ ਸੋਹਣਾ ਵੀਰ'। ਬੱਸ ਏਥੋਂ ਹੀ ਮੇਰਾ ਨਾਮ 'ਸੋਹਣ ਸਿੰਘ' ਪੱਕਾ ਹੋ ਗਿਆ।

ਮੈਂ ਸੋਚਦਾ ਹਾਂ 'ਜੇ ਮੈਂ ਕਾਲਾ ਕੋਝਾ ਹੁੰਦਾ, ਤਾਂ ਭੈਣਾਂ ਨੇ ਫੇਰ ਵੀ 'ਸੋਹਣਾ ਵੀਰ' ਹੀ ਕਹਿਣਾ ਸੀ।

G.S.S.K.
25-9-1995.

# ਸੁੱਚੇ ਕੇਸ

ਹਰ ਸਮਾਜ ਵਿਚ ਕੁਛ ਪੁਰਾਤਨ ਅੰਧ-ਵਿਸ਼ਵਾਸ ਚਲੇ ਆਉਂਦੇ ਹਨ। ਪੜ੍ਹ ਲਿਖ ਜਾਣ ਪਿੱਛੋਂ ਵੀ ਉਹ ਕੁਛ ਰੂਪ ਤਾਂ ਬਦਲ ਲੈਂਦੇ ਹਨ, ਪਰ ਸਮੂਲ 'ਚੋਂ ਖ਼ਤਮ ਨਹੀਂ ਹੁੰਦੇ। 'ਟੂਣੇ ਟਪਾਣੇ' ਹਰ ਮੁਲਕ ਤੇ ਹਰ ਸਮਾਜ ਵਿਚ ਕਿਸੇ ਨਾ ਕਿਸੇ ਰੂਪ ਵਿਚ ਅੱਜ ਵੀ ਮੌਜੂਦ ਹਨ।

ਮੇਰੇ ਮਾਤਾ ਜੀ ਨੂੰ ਬਜ਼ੁਰਗ ਗਵਾਂਢਣਾਂ ਨੇ ਸਲਾਹ ਦੇਣੀ, "ਬੇਬੇ! ਪਿਛਲੀ ਉਮਰ ਗੁਰੂ ਤ੍ਰੁੱਠਾ ਏ, ਤੇ ਤੈਨੂੰ ਹੀਰੇ ਵਰਗਾ ਲਾਲ ਬਖ਼ਸ਼ਿਆ ਏ। ਜਾਣਦੀ ਏਂ, ਟੂਣੇਹਾਰੀਆਂ ਦਾ ਕੀ ਲੈਣਾ ਏਂ। ਤੂੰ ਇਹਦੇ ਕੇਸਾਂ ਦੀ ਛੋਟੀ ਜੇਹੀ ਲਿਟ ਕੱਟ ਦਿਹ। ਫਿਰ ਕੋਈ ਟੂਣਾ-ਟਪਾਣਾ ਨਹੀਂ ਚਲਦਾ।"

"ਨਹੀਂ ਬੇਬੇ!" ਮੇਰੇ ਮਾਤਾ ਜੀ ਨੇ ਬੜੀ ਦ੍ਰਿੜ੍ਹਤਾ ਨਾਲ ਕਹਿਣਾ, "ਵੱਡਾ ਹੋ ਕੇ ਇਹ ਆਪਣੀ ਜੀ-ਜੁਆਨੀ 'ਤੇ ਜੋ ਮਰਜ਼ੀ ਏ ਕਰੇ, ਪਰ ਮੈਂ ਆਪਣੇ ਹੱਥੀਂ ਪੁੱਤਰ ਦੇ ਸੁੱਚੇ ਕੇਸ ਜੂਠੇ ਨਹੀਂ ਕਰਨੇ। ਜੀਹਨੇ ਬਖ਼ਸ਼ਿਆ ਏ, ਉਹ ਇਹਦੀ ਰੱਖਿਆ ਵੀ ਕਰੇਗਾ।"

ਮੇਰੇ ਮਾਤਾ ਜੀ ਬਿਲਕੁਲ ਅਨਪੜ੍ਹ ਸਨ। ਪਰ ਅੱਜ ਮੈਂ ਸੋਚਦਾ ਹਾਂ, ਕਿ ਉਹਨਾਂ ਦਾ ਇਹ ਧਾਰਮਿਕ ਵਿਸ਼ਵਾਸ਼—ਹੋ ਸਕਦਾ ਏ—ਕਿਸੇ ਪਿਛਲੇ ਜਨਮ ਦਾ ਸੰਸਕਾਰ ਹੋਵੇ।

ਇਸ ਦਾ ਅਸਰ ਇਹ ਹੋਇਆ, ਕਿ ਅੱਜ ਵੀ ਮੈਂ ਸਰੀਰ ਦਾ ਸਭ ਤੋਂ 'ਸੁੱਚਾ ਅੰਗ' ਕੇਸ ਸਮਝਦਾ ਹਾਂ।

ਛੋਟੀ ਉਮਰ ਤੋਂ ਹੀ ਮੇਰੇ ਕੇਸ ਕਾਫ਼ੀ ਭਾਰੇ ਸਨ। ਮੈਨੂੰ ਕੇਸੀਂ ਇਸ਼ਨਾਨ ਕਰਾਉਣਾ ਵੱਡੀਆਂ ਭੈਣਾਂ ਦੀ ਜ਼ਿੰਮੇਵਾਰੀ ਸੀ। ਹਰ ਭੈਣ ਦੀ ਇੱਛਿਆ ਹੋਣੀ, ਕਿ ਓਹਾ ਮੇਰੇ ਕੇਸ ਧੋਵੇ। ਜੇ ਇਕ ਨੇ ਪਹਿਲ ਕਰ ਲੈਣੀ, ਤਾਂ ਦੂਸਰੀ ਨੇ ਛੇੜਨ ਵਾਸਤੇ ਮੈਨੂੰ ਸੁਣਾ ਕੇ ਕਹਿਣਾ, "ਲੈ, ਜੂਠੇ ਭਾਂਡੇ ਵਿਚ ਪਾਣੀ ਪਾ ਕੇ ਵੀਰ ਦੇ ਕੇਸ ਧੋਣ ਲੱਗੀ ਪਈ ਏ।"

ਬੱਸ, ਮੈਂ ਉੱਚੀ ਉੱਚੀ ਰੌਲਾ ਪਾ ਦੇਣਾ, "ਮਾਂ ! ਵੇਖ ਲੈ, ਮੇਰੇ ਸੁੱਚੇ ਕੇਸਾਂ ਵਿਚ ਜੂਠਾ ਪਾਣੀ ਪੌਣ ਲੱਗੀ ਊ ।"

ਭੈਣਾਂ ਮੇਰੇ ਏਸ ਸੁਭੱਾ ਤੋਂ ਜਾਣੂ ਹੋ ਚੁੱਕੀਆਂ ਸਨ । ਪਿੱਤਲ ਦੀ ਪਰਾਤ ਮਾਂਜ-ਧੋ ਕੇ ਉਸ ਵਿਚ ਪਾਣੀ ਪੌਣਾ । ਮੈਨੂੰ ਯਕੀਨ ਦੁਔਣ ਵਾਸਤੇ ਭੈਣ ਨੇ ਕਹਿਣਾ, "ਉਹ ਤਾਂ ਕਮਲੀ ਕੁੜੀ ਤੈਨੂੰ ਐਵੇਂ ਛੇੜਦੀ ਏ । ਆਹ ਲੈ ਵੇਖ, ਮੈਂ ਪਰਾਤ ਵਿਚੋਂ ਥੋੜਾ ਜੇਹਾ ਪਾਣੀ ਘੜੇ ਵਿਚ ਪਾ ਦੇਂਦੀ ਆਂ । ਹੁਣ ਠੀਕ ਏ ਨਾਂ ।"

ਇਹ ਮੈਨੂੰ ਯਕੀਨ ਸੀ, ਕਿ ਘੜੇ ਵਿਚ ਜੂਠਾ ਪਾਣੀ ਨਹੀਂ ਪਾਇਆ ਜਾ ਸਕਦਾ । ਸੋ ਮੈਂ ਬੀਬਾ ਬਣ ਕੇ ਇਸ਼ਨਾਨ ਕਰ ਲੈਣਾ ।

ਮੇਰੇ ਮਾਤਾ ਜੀ ਦੀ ਆਤਮਾ ਸ਼ਾਂਤ ਹੋਵੇਗੀ, ਕਿ ਉਹਨਾਂ ਦੇ ਮੱਖਣ ਨਾਲ ਪਾਲੇ ਹੋਏ ਮੇਰੇ ਕੇਸ ਅੱਜ ਤਕ 'ਸੁੱਚੇ' ਹਨ ।

ਪਾਣੀ ਪੀਣ ਲਗਿਆਂ ਵੀ ਕਈ ਵਾਰ ਏਹਾ ਝਗੜਾ ਹੋ ਜਾਣਾ । ਇਕ ਭੈਣ ਨੇ ਪਾਣੀ ਦੇਣਾ, ਤੇ ਦੂਜੀ ਨੇ ਕੋਲੋਂ ਕਹਿ ਦੇਣਾ, "ਲੈ ਜੂਠੇ ਗਲਾਸ ਵਿਚ ਪਾਣੀ ਪਾ ਦਿਤਾ ਸੁ ।"

ਖ਼ਾਲਸਾ ਜੀ ਨੇ ਫਿਰ ਵਿੱਟਰ ਪੈਣਾ । ਸ਼ਰਤ ਓਹਾ, "ਇਸ ਵਿਚੋਂ ਥੋੜਾ ਜੇਹਾ ਘੜੇ ਵਿਚ ਪਾ, ਫਿਰ ਪੀਆਂਗਾ ।"

ਉਹ ! ਭੈਣਾਂ ਸਰੀਰ ਕਰਕੇ ਨਹੀਂ ਰਹੀਆਂ, ਪਰ ਇਸ ਸਮੇਂ, ਜਦ ਮੈਂ ਇਹ ਸਤਰਾਂ ਲਿਖ ਰਿਹਾ ਹਾਂ, ਤਾਂ ਭੈਣਾਂ ਮੇਰੇ ਅਚੇਤ ਮਨ ਵਿਚ ਸਜੀਵ ਹਨ ।

G.S.S.K.
25-9-1995

# ਆਪੇ ਲਾਏ ਦਾਗ਼ ਕਦੇ ਮਿਟਦੇ ਨਹੀਂ

ਮੇਰੀ ਉਮਰ ਓਦੋਂ ਢਾਈ ਤਿੰਨ ਸਾਲ ਦੀ ਹੋਵੇਗੀ। ਖੁੱਲ੍ਹੇ ਵਿਹੜੇ ਵਿਚ ਮੈਂ ਭੱਜਾ ਫਿਰਦਾ ਸਾਂ। "ਮਾਂ! ਐਧਰ ਵੇਖ।" ਮੈਂ ਇਕ ਪੈਰ ਚੁਕ ਕੇ ਦੂਸਰਾ ਜ਼ਰਾ ਜ਼ੋਰ ਨਾਲ ਭੋਇੰ 'ਤੇ ਮਾਰਦਾ, ਤੇ ਫਿਰ ਉੱਚੀ ਉੱਚੀ ਹੱਸ ਪੈਂਦਾ। 'ਬਹੁਤ ਵੱਡੀ ਛਾਲ ਮਾਰੀ।'

ਅੱਜ ਮੈਂ ਸੋਚਦਾ ਹਾਂ, ਕਿ ਹਰ ਮਨੁੱਖ ਦੇ ਮੱਥੇ 'ਤੇ ਲਿਖਿਆ ਹੋਇਆ ਹੈ, 'ਕੋਈ ਮੇਰੇ ਵੱਲ ਵੇਖੇ। ਮੈਂ ਕਿੱਡਾ ਵੱਡਾ ਕਾਰਨਾਮਾ ਕਰ ਦਿਤਾ ਹੈ।'

ਉਸ ਦਿਨ ਛਾਲਾਂ ਮਾਰਨੀਆਂ ਮੈਨੂੰ ਬਹੁਤ ਮਹਿੰਗੀਆਂ ਪਈਆਂ। ਵਿਹੜੇ ਵਿਚ ਇਕ ਝੋਟਾ ਬੱਧਾ ਹੋਇਆ ਸੀ। ਮੈਂ ਉਹਦੇ ਕੋਲ ਦੀ ਲੰਘਣ ਲੱਗਾ, ਤਾਂ ਉਹਨੇ ਮੱਖੀਆਂ ਉਡਾਉਣ ਵਾਸਤੇ ਸਿਰ ਹਿਲਾਇਆ। ਉਹਦਾ ਸਿੰਙ ਮੇਰੀ ਖੱਬੀ ਅੱਖ ਵਿਚ ਧਸ ਗਿਆ। ਚੀਕਾਂ ਮਾਰਦਾ ਮੈਂ ਲਹੂ ਲੁਹਾਨ ਹੋਇਆ ਭੋਇੰ 'ਤੇ ਡਿੱਗ ਪਿਆ।

"ਹਾਇ, ਮਾਂ ਮਰ ਗਈ। ਮੇਰੇ ਪੁੱਤਰ ਦੀ ਅੱਖ ਨਿਕਲ ਗਈ।" ਹੰਝੂ ਵਹਾਉਂਦੀ ਮਾਂ ਮੇਰੇ ਵੱਲ ਦੌੜੀ।

ਮੇਰੇ ਸਰੀਰ ਤੇ ਸੱਟ ਲੱਗੀ ਸੀ, ਪਰ ਮਾਂ ਦੇ ਦਿਲ 'ਤੇ।

ਮੈਨੂੰ ਯਕੀਨ ਹੈ, ਕਿ ਮਾਰਨ ਵਾਲੇ ਨਾਲੋਂ ਰੱਖਣ ਵਾਲਾ ਬਲਵਾਨ ਹੈ। ਅੱਖ ਦੀ ਹੱਡੀ ਤੇ ਡੇਲੇ ਦੇ ਸੰਨ੍ਹ ਵਿਚ ਸਿੰਙ ਲੱਗਾ। ਇਲਾਜ ਕਰਨ ਨਾਲ ਜ਼ਖ਼ਮ ਹੱਛਾ ਹੋ ਗਿਆ, ਪਰ ਦਾਗ਼ ਪਿੱਛੇ ਰਹਿ ਗਿਆ। ਠੀਕ ਆਖਦੇ ਨੇ 'ਸਮਾਂ ਪਾ ਕੇ ਜ਼ਖ਼ਮ ਮਿਟ ਜਾਂਦੇ ਨੇ, ਪਰ ਦਾਗ਼ ਨਹੀਂ ਮਿਟਦੇ।'

ਮੇਰੀਆਂ ਪਰਚਲਤ ਫੋਟੋ ਵੇਖੋਗੇ, ਤਾਂ ਮੈਂ ਲਗਦੇ ਵੱਸ ਸੱਜਾ ਪਾਸਾ ਕੈਮਰੇ ਦੇ ਸਾਮ੍ਹਣੇ ਕਰਦਾ ਹਾਂ। ਮੈਂ ਸੱਚੇ ਦਿਲੋਂ ਕਹਿ ਰਿਹਾ ਹਾਂ, ਆਪਣਾ ਹੱਥੀਂ ਲਾਇਆ ਦਾਗ਼ ਲੁਕਾਉਣ ਵਾਸਤੇ। ਇਨਸਾਨ ਦੀ ਬੇਬਸੀ, ਸਾਰੀ ਉਮਰ ਇਹ 'ਦਾਗ਼' ਲੁਕਾਉਣ ਦੇ ਫ਼ਿਕਰ ਵਿਚ ਰਹਿੰਦਾ ਹੈ, ਪਰ ਇਕ ਵਾਰ ਲੱਗੇ ਦਾਗ਼ ਲੁਕਦੇ ਨਹੀਂ।

ਤੇ ਹੁਣ ਤਾਂ ਬੁਢਾਪੇ ਦੀ ਕਿਰਪਾ ਨਾਲ ਮੇਰੇ ਚਿਹਰੇ 'ਤੇ ਕਈ ਨਵੇਂ ਦਾਗ਼ ਨਜ਼ਰ ਔਣ ਲੱਗ ਪਏ ਨੇ। ਭਲਾ ਹੋਇਆ, ਦਾਗ਼ ਲੁਕਾਉਣ ਦੀ ਚਿੰਤਾ ਖ਼ਤਮ ਹੋ ਗਈ।

---

G.S.S.K.
25-9-1995

# ਮੇਰੀ ਖੇਡ ਸਹੇਲੀ

ਮੇਰਾ ਬਚਪਨ ਬਹੁਤਾ ਭੈਣਾਂ ਨਾਲ ਖੇਡਦਿਆਂ ਬੀਤਿਆ ਹੈ। ਪਰ ਭੈਣ ਵਾਸਤੇ 'ਸਹੇਲੀ' ਸ਼ਬਦ ਨਹੀਂ ਵਰਤਿਆ ਜਾ ਸਕਦਾ। ਉਹ ਸੀ ਮੇਰੀ ਚਾਚੀ ਦੀ ਛੋਟੀ ਭੈਣ 'ਸ਼ਾਮੋ'।

ਮੇਰੇ ਚਾਚਾ ਜੀ ਕਾਫ਼ੀ ਜਾਇਦਾਦ ਦੇ ਮਾਲਕ ਸਨ। ਦੋਹਾਂ ਘਰਾਂ ਕੋਲ ਸੌ-ਸੌ ਘੁਮਾਂ ਜ਼ਮੀਨ ਸੀ। ਪਰ ਉਸ ਸਮੇਂ ਤਕ ਉਹਨਾਂ ਦੇ ਘਰ ਬਾਲ ਬੱਚਾ ਕੋਈ ਨਹੀਂ ਸੀ। ਇਸ ਵਾਸਤੇ ਚਾਚੀ ਜੀ ਨੇ ਆਪਣੀ ਛੋਟੀ ਭੈਣ ਨੂੰ ਕੋਲ ਲਿਆਂਦਾ ਹੋਇਆ ਸੀ—ਦਿਲ-ਪਰਚਾਵੇ ਵਾਸਤੇ—।

ਸ਼ਾਮੋ ਮੈਥੋਂ ਦੋ ਸਾਲ ਵੱਡੀ ਸੀ। ਪਰ ਉਹ ਉਮਰ ਨਾਲੋਂ ਵਧੇਰੇ ਸੂਝਵਾਨ ਸੀ। ਕਈ ਵਾਰ ਉਹ ਬੜੀਆਂ ਦਾਨਿਆਂ ਵਾਲੀਆਂ ਗੱਲਾਂ ਕਰਿਆ ਕਰਦੀ। ਉਹਨੂੰ ਵੀ ਖੇਡ ਦਾ ਸਾਥੀ ਚਾਹੀਦਾ ਸੀ। ਇਹ ਕੁਦਰਤੀ ਭੁੱਖ ਦੂਰ ਕਰਨ ਵਾਸਤੇ ਉਹ ਸਾਡੇ ਘਰ ਆ ਜਾਇਆ ਕਰਦੀ। ਜਾਂ ਮੈਨੂੰ ਆਪਣੇ ਘਰ ਲੈ ਜਾਇਆ ਕਰਦੀ।

ਕਈ ਵਾਰ ਉਹਨੇ ਮੇਰੇ ਮਾਤਾ ਜੀ ਨੂੰ ਕਹਿਣਾ, "ਨੀ ਬੇਬੇ! ਪਿਛਲੇ ਪਾਹਰੇ ਇਕੋ ਪੱਤਰ ਜਣਿਓਂ ਈਂ, ਤੇ ਉਹ ਵੀ ਕਮਲਾ, ਨਿਰਾ ਬੁੱਧੂ।"

ਮੇਰੇ ਮਾਤਾ ਜੀ ਨੇ ਸੁਣ ਕੇ ਹੱਸ ਪੈਣਾ। 'ਕਈ ਵਾਰ ਬੁਢਾਪਾ ਬਾਲਾਂ ਨਾਲ ਬਾਲ ਬਣਨਾ ਲੋਚਦਾ ਹੈ।'

"ਸ਼ਾਮੋ!" ਮੇਰੇ ਮਾਤਾ ਜੀ ਨੇ ਵੀ ਓਸੇ ਰੌਂ ਵਿਚ ਕਹਿਣਾ। "ਤਾਹੀਏਂ ਤਾਂ ਮੈਂ ਤੈਨੂੰ ਆਹੰਦੀ ਆਂ, ਪਈ ਤੂੰ ਮੇਰੀ ਨੋਂਹ ਬਣ ਜਾਹ। ਇਹ ਕਮਲਾ ਏ, ਤਾਂ ਤੂੰ ਓਨੀ ਸਿਆਣੀ ਏਂ। ਤੂੰ ਆਪੇ ਘਰ ਸੰਭਾਲ ਲਵੇਂਗੀ। ਉਂਞ ਮੇਰਾ ਪੁੱਤਰ ਏਨਾ ਮਾੜਾ ਤਾਂ ਨਹੀਂ। ਵੇਖ ਲੈ ਚੰਦ ਵਰਗਾ ਸੋਹਣਾ ਏਂ।"

"ਨਾਂ, ਹੈ ਤਾਂ ਸੋਹਣਾ। ਵੈਸੇ ਵੀ ਮੇਰਾ ਆਗਿਆਕਾਰ ਰਹੇਗਾ। ਮੈਂ ਘਰ ਵੀ ਸੰਭਾਲ ਲਵਾਂਗੀ। ਪਰ...।"

"ਫੇਰ 'ਪਰ' ਕੀ ?" ਮੇਰੇ ਮਾਤਾ ਜੀ ਦੇ ਝੁਰੜੀਆਂ ਭਰੇ ਚਿਹਰੇ 'ਤੇ ਵੀ ਉਸ ਵੇਲੇ ਬਾਲਾਂ ਵਾਲੀ ਮੁਸਕਰਾਹਟ ਹੁੰਦੀ।

"ਫੇਰ ਤੂੰ ਮੈਨੂੰ ਨੋਕ ਟੋਕ ਨਾ ਨਾਂ ਕਰਿਆ ਕਰੀਂ। ਜਿਵੇਂ ਬੁਢੜੀਆਂ ਸੱਸਾਂ ਦੀ ਆਦਤ ਹੁੰਦੀ ਏ।" ਸ਼ਾਮੋ ਜਿਵੇਂ ਪਹਿਲਾਂ ਹੀ ਸਾਰੀਆਂ ਸ਼ਰਤਾਂ ਤੈ ਕਰ ਲੈਣਾ ਚਾਹੁੰਦੀ ਸੀ।

"ਤੂੰ ਤਾਂ ਬੜੀ ਸਿਆਣੀ ਧੀ ਏਂ। ਭਲਾ ਮੈਂ ਤੈਨੂੰ ਨੋਕ ਟੋਕ ਕਿਉਂ ਕਰਾਂਗੀ।"

"ਨਾਂ, ਤੇਰਾ ਸੁਭੱਾ ਤਾਂ ਬੜਾ ਚੰਗਾ ਏ। ਮੇਰੀ ਇਕ ਤਾਈ ਏ। ਉਹਦੀਆਂ ਨੋਹਾਂ ਦੋਵੇਂ ਚੰਦ ਵਰਗੀਆਂ ਨੇ। ਹੱਥ ਲਾਇਆਂ ਮੈਲੀਆਂ ਹੁੰਦੀਆਂ ਨੇ ਪਈਆਂ। ਪਰ ਤਾਈ ਹਰ ਵੇਲੇ ਬੁੜ-ਬੁੜ ਕਰਦੀ ਹੀ ਰਹੇਗੀ।"

"ਫਿਰ ਤੂੰ ਰਾਜ਼ੀ ਏਂ ?" ਜਿਵੇਂ ਮਾਤਾ ਜੀ ਸ਼ਾਮੋ ਦੀ ਰਜ਼ਾਮੰਦੀ ਲਾਜ਼ਮੀ ਸਮਝਦੇ ਹੋਣ।

"ਮੈਂ ਤਾਂ ਰਾਜ਼ੀ ਆਂ। ਤੂੰ ਆਪਣੀ ਦਰਾਣੀ ਨੂੰ ਮਨਾੱ ਲੈ।"

ਤੇ ਇਕ ਦਿਨ ਸੱਚਮੁੱਚ ਮੇਰੀ ਚਾਚੀ ਤੇ ਉਸ ਦੀ ਮਾਂ ਸਾਡੇ ਵਿਆਹ ਦਾ ਫ਼ੈਸਲਾ ਕਰਨ ਵਾਸਤੇ ਆ ਗਈਆਂ।

ਗਰਮੀਆਂ ਦੀ ਰੁੱਤ ਸੀ। ਖੁੱਲ੍ਹੇ ਵਿਹੜੇ ਵਿਚ ਮੰਜੇ ਡਾਹ ਕੇ ਬੈਠੇ ਅਸੀਂ ਗੱਲਾਂ ਬਾਤਾਂ ਕਰ ਰਹੇ ਸਾਂ। ਸ਼ਾਮੋ ਦੀ ਭੈਣ ਤੇ ਮਾਂ ਆ ਗਈਆਂ। ਮੇਰੇ ਮਾਤਾ ਜੀ ਨੇ ਆਦਰ ਵਜੋਂ ਉਠ ਕੇ 'ਜੀ ਆਇਆਂ' ਕਿਹਾ, ਤੇ ਲਾਗੇ ਮੰਜਾ ਡਾਹ ਦਿਤਾ।

"ਬੇਬੇ! ਅਸੀਂ ਤਾਂ ਤੇਰੇ ਏਸ ਕਮਲੇ ਰਮਲੇ ਮੁੰਡੇ ਬਾਰੇ ਗੱਲ ਕਰਨ ਆਈਆਂ।" ਮੇਰੀ ਚਾਚੀ ਨੇ ਹਾਸੇ ਨਾਲ ਕਿਹਾ।

"ਭੈਣ! ਮੁੰਡਾ ਤੇਰਾ ਪਹਿਲੋਂ ਤੇ ਮੇਰਾ ਪਿੱਛੋਂ। ਧੰਨਭਾਗ, ਮਾਂ ਨੇ ਸਾਡੇ ਘਰ ਚਰਨ ਪਾਏ ਨੇ।" ਮੇਰੇ ਮਾਤਾ ਜੀ ਨੇ ਸ਼ਾਮੋ ਦੀ ਮਾਂ ਦਾ

ਆਦਰ-ਮਾਣ ਕਰਦਿਆਂ ਕਿਹਾ।

ਦੋ-ਚਾਰ ਮਿੰਟ ਸਰਸਰੀ ਗੱਲਾਂ ਬਾਤਾਂ ਹੁੰਦੀਆਂ ਰਹੀਆਂ। ਚਾਚੀ ਜੀ ਨੇ ਮਜ਼ਾਕ ਵਜੋਂ ਮੈਨੂੰ ਪੁੱਛਿਆ, "ਕਿਉਂ ਵੇ! ਤੂੰ ਵੀ ਦਿਲ ਦੀ ਦੱਸ ਦੇ। ਤੈਨੂੰ ਸ਼ਾਮੋ ਪਸੰਦ ਏ? ਹੁਣ ਤੁਹਾਡੀ ਮੰਗਣੀ ਕਰ ਦੇਂਦੇ ਆਂ, ਤੇ ਸ਼ਾਮੋ ਮਾਂ ਨਾਲ ਚਲੀ ਜਾਵੇਗੀ। ਜਦੋਂ ਵੱਡੇ ਹੋ ਜਾਉਗੇ, ਤੁਹਾਡਾ ਵਿਆਹ ਕਰ ਦਿਆਂਗੇ।"

"ਚਾਚੀ ਜੀ! ਸਾਡਾ ਵਿਆਹ ਹੁਣੇ ਕਰ ਦਿਉ ਖਾਂ। ਫੇਰ ਤਾਂ ਸ਼ਾਮੋਂ ਨਹੀਂ ਜਾਵੇਗੀ। ਜਦੋਂ ਅਸੀਂ ਵੱਡੇ ਹੋ ਜਾਵਾਂਗੇ, ਓਦੋਂ ਮੰਗਣੀ ਕਰ ਲਿਉ ਜੇ।"

"ਲਉ! ਨੀਗਰ ਚੰਦ ਤਾਂ ਹੁਣੇ ਮੱਲ ਮਾਰਨ ਦੀ ਕਰਦਾ ਏ।"

ਮੇਰੀ ਭੋਲੀ ਭਾਲੀ ਖ਼ਾਹਸ਼ ਉਤੇ ਸਾਰਾ ਪਰਵਾਰ ਹੱਸ ਪਿਆ।

ਦੋ-ਕੁ ਮਿੰਟ ਦੀ ਚੁੱਪ ਪਿਛੋਂ ਸ਼ਾਮੋਂ ਦੀ ਮਾਂ ਬੋਲੀ, "ਵੇਖੋ ਭਾਈ! ਮੈਂ ਸਾਫ਼ ਤੇ ਦੋ-ਟੁੱਕ ਗੱਲ ਕਰਨ ਦੀ ਆਦੀ ਆਂ। ਜੇ ਕੁੜੀ ਤੁਹਾਡੇ ਪਸੰਦ ਏ, ਤਾਂ ਦਿੱਤ ਦਾਜ ਦੀ ਗੱਲ ਹੁਣੇ ਮੁਕਾ ਲਵੋ। ਪਿੱਛੋਂ ਦਾ ਝਗੜਾ ਠੀਕ ਨਹੀਂ।"

"ਬੇਬੇ ਜੀ!" ਉੱਤਰ ਮੇਰੇ ਪਿਤਾ ਜੀ ਨੇ ਦਿਤਾ। "ਲੜਕੀ ਸਾਖਸ਼ਾਤ ਦੇਵੀ ਏ। ਜਿਸ ਘਰ ਜਾਵੇਗੀ, ਕੁਲ ਸੁਆਰ ਦੇਵੇਗੀ। ਤੇ ਦਿੱਤ ਦਾਜ ਦੀ ਤੁਸਾਂ ਕੀ ਗੱਲ ਕੀਤੀ। ਭੂਰੇ 'ਚ ਵਲ੍ਹੇਟੀ ਕੰਨਿਆਂ ਚਾਹੀਦੀ ਏ। ਹੋਰ ਸਾਨੂੰ ਕਿਸੇ ਚੀਜ਼ ਦੀ ਲੋੜ ਨਹੀਂ। ਤੁਸੀਂ ਮੇਰੇ ਭਾ ਨੂੰ ਕਹੋ, ਉਹ ਆਪ ਆ ਕੇ ਭਤੀਜੇ ਦੇ ਹੱਥ 'ਤੇ ਰੁਪਈਏ ਰੱਖ ਦੇਵੇ। ਸਾਨੂੰ ਸਭ ਪਰਵਾਨ ਏਂ।"

"ਨਾ ਜੀ! ਉਹਨਾਂ ਤਾਂ ਨਹੀਂ ਮੰਨਣਾ। ਘਰ ਵਿਚ ਗੱਲ ਚੱਲੀ ਸੀ, ਤਾਂ ਜੋ ਉਹਨਾਂ ਉੱਤਰ ਦਿਤਾ ਸੀ, ਮੈਂ ਕੀ ਦੱਸਾਂ।" ਮੇਰੀ ਚਾਚੀ ਨੇ ਬੜੀ ਉਦਾਸ ਸੁਰ ਵਿਚ ਕਿਹਾ।

"ਬੀਬਿਆ! ਫਿਰ ਤੂੰ ਆਪ ਹੀ ਸੋਚ ਲੈ। ਤੂੰ ਸ਼ਾਮੋ ਨੂੰ ਧੀਆਂ ਵਾਂਗ ਪਾਲਿਆ ਏ। ਜੇ ਆਪਾਂ ਉਸ ਤੋਂ ਬਾਹਰੇ ਹੋ ਕੇ ਰਿਸ਼ਤਾ ਪੱਕਾ

ਕਰ ਲਿਆ, ਤਾਂ ਉਹਨੇ ਤੁਹਾਨੂੰ ਇਕ ਦੂੱਜੀ ਦੇ ਮੱਥੇ ਨਹੀਂ ਲੱਗਣ ਦੇਣਾ। ਕੁਛ ਦਿਨ ਪੈ ਲੈਣ ਦਿਹੋ, ਮੈਂ ਚਾਰ ਭਰੱਾ ਨਾਲ ਲੈ ਜਾ ਕੇ ਉਹਦੀ ਮਿੰਨਤ ਕਰ ਲਵਾਂਗਾ।'' ਮੇਰੇ ਪਿਤਾ ਜੀ ਨੇ ਉੱਤਰ ਵਿਚ ਕਿਹਾ।

''ਨਾ ਜੀ! ਤੁਸਾਂ ਐਵੇਂ ਹੌਲਿਆਂ ਨਾ ਪੈਣਾ। ਮੈਂ ਅੱਗੇ ਬਥੇਰਾ ਸੁਣ ਚੁੱਕੀ ਆਂ।'' ਚਾਚੀ ਦੀ ਵਾਜ ਬਿਲਕੁਲ ਨਿਰਾਸਤਾ ਵਿਚ ਡੁੱਬੀ ਹੋਈ ਸੀ।

ਕੁਛ ਚਿਰ ਬਿਲਕੁਲ ਚੁੱਪ ਵਰਤੀ ਰਹੀ। ਅੰਤ ਉਹ ਦੋਵੇਂ ਮਾਵਾਂ ਧੀਆਂ ਨਿਰਾਸ ਹੋ ਕੇ ਉਠ ਬੈਠੀਆਂ। ਸ਼ਾਮੋ ਦੀ ਮਾਂ ਨੇ ਹਉਕਾ ਭਰ ਕੇ ਕਿਹਾ, ''ਹੱਛਾ ਭਾਈ! ਮੇਰੀ ਸ਼ਾਮੋ ਦੀ ਕਿਸਮਤ। ਪਰ ਮੈਂ ਇਕ ਜਵਾਈ ਦੇ ਆਖੇ ਲੱਗ ਕੇ ਦੂਜੀ ਧੀ ਨੂੰ ਡੋਬ ਨਹੀਂ ਦੇਣਾ।''

ਉਹ ਦੋਵੇਂ ਚਲੀਆਂ ਗਈਆਂ। ਸਾਡੇ ਪਰਵਾਰ ਵਿਚ ਚੋਖਾ ਚਿਰ ਚੁੱਪ ਵਰਤੀ ਰਹੀ। ਮੈਂ ਏਨਾ ਹੀ ਸੋਚ ਰਿਹਾ ਸਾਂ, ਕਿ ਮੇਰੇ ਹੋਰ ਕਈ ਹਾਣੀਆਂ ਦੀਆਂ ਮੰਗਣੀਆਂ ਹੋ ਗਈਆਂ ਨੇ, ਤਾਂ ਪਿਤਾ ਜੀ ਨੇ ਮੇਰੀ ਮੰਗਣੀ ਤੋਂ ਕਿਉਂ ਨਾਂਹ ਕੀਤੀ।

ਥੋੜੇ ਦਿਨਾਂ ਵਿਚ ਹੀ ਮੈਂ ਸ਼ਾਮੋ ਨੂੰ ਭੁੱਲ ਗਿਆ। ਉੜੇ ਐੜੇ ਦੀ ਲਗਨ ਵਿਚ ਮੈਂ ਬਿਲਕੁਲ ਭੁੱਲ ਗਿਆ। ਪਰ ਸ਼ਾਮੋ ਮੇਰੇ ਅਚੇਤ ਮਨ ਦੀ ਕਿਸੇ ਹਨੇਰੀ ਨੁੱਕਰ ਵਿਚ ਲੁਕ ਕੇ ਬੈਠੀ ਰਹੀ। ਉੱਨੀ ਸੌ ਬਹੱਤਰ ਈ. ਵਿਚ ਉਹ ਅਚਨਚੇਤ ਮੇਰੇ ਸਾਮ੍ਹਣੇ ਆ ਖਲੀ। ਉਹਨੇ ਬੜੇ ਨਿਹੋਰੇ ਨਾਲ ਕਿਹਾ ''ਮੇਰੀ ਬਾਲ ਉਮਰ ਦੀ ਖੇਡ ਦੇ ਹਾਣੀਆਂ! ਮੇਰੀ ਵਲੂੰਧਰੀ ਹੋਈ ਆਤਮਾ ਵੱਲ ਵੇਖ। ਮੈਂ ਆਤਮਘਾਤ ਕੀਤਾ ਸੀ। ਮੈਨੂੰ ਕਿਤੇ ਢੋਈ ਨਹੀਂਉਂ ਮਿਲੀ। ਮੇਰੇ ਤੇ ਤਰਸ ਕਰ। ਤੇਰੇ ਹੱਥ ਵਿਚ ਕਲਮ ਏਂ। ਮੈਨੂੰ ਅਮਰ ਬਣਾੱ ਦੇਹ।''

ਮੈਂ ਇਕੋ ਵਾਰ ਤ੍ਰਭਕ ਕੇ ਉੱਠ ਬੈਠਾ। ਮੈਨੂੰ ਇਉਂ ਮਹਿਸੂਸ

ਹੋਵੇ, ਜਿਵੇਂ ਸ਼ਾਮੋ ਕਿਸੇ ਕੰਧ ਨਾਲ ਲੱਗ ਕੇ ਭੁਬਕੀਂ ਹੁਬਕੀਂ ਰੋ ਰਹੀ ਹੋਵੇ। ਕਈ ਦਿਨ ਮੈਂ ਸੋਚਦਾ ਰਿਹਾ, 'ਇਹ ਕੇਹੋ ਜੇਹਾ ਸੁਪਨਾ ਸੀ।' ਪੁੱਛੋ ਕੁਛ ਨਾ, ਕਈ ਦਿਨ ਮੇਰੀ ਕੀ ਹਾਲਤ ਰਹੀ। ਨਾ ਦਿਨੇ ਚੈਨ, ਨਾ ਰਾਤ ਨੀਂਦ। ਹਰ ਵੇਲੇ ਸ਼ਾਮੋ ਮੇਰੀਆਂ ਅੱਖਾਂ ਸਾਮ੍ਹਣੇ ਫਿਰਦੀ ਰਹੇ। ਉਹਦੇ ਹਉਕੇ ਮੇਰੇ ਕੰਨਾਂ ਵਿਚ ਸੁਣੀਂਦੇ ਰਹਿਣ। ਮੇਰੀ ਹਾਲਤ ਪਾਗਲਾਂ ਵਰਗੀ ਹੋ ਗਈ। ਅੰਤ ਮੈਂ 'ਜਵਾਲਾ ਮੁਖੀ' ਨਾਵਲ ਲਿਖਣਾ ਸ਼ੁਰੂ ਕੀਤਾ। ਸਤਾਈ ਮਈ, ੧੯੭੨ ਈ. ਨੂੰ ਉਹ ਪੂਰਾ ਹੋਇਆ। ਤਾਂ ਮੇਰਾ ਮਨ ਕੁਛ ਸ਼ਾਂਤ ਹੋਇਆ।

ਉਸ ਤੋਂ ਪਿੱਛੋਂ ਮੈਂ ਕੋਈ ਨਾਵਲ ਨਹੀਂ ਲਿਖ ਸਕਿਆ।

---

G.S.S.K.
25-9-1995

# ਵਿੱਦਿਆ ਦੀ ਭੁੱਖ

ਅੱਜ ਤੋਂ ਪੈਂਤੀ ਸਾਲ ਪਹਿਲਾਂ ਦੀ ਗੱਲ ਹੈ, ਮੈਂ ਆਪਣੇ ਢਾਡੀ ਜਥੇ ਨਾਲ ਕੀਰਤਨ ਕਰ ਰਿਹਾ ਸਾਂ। ਸੰਗਤ ਕਾਫ਼ੀ ਤੇ ਪੜ੍ਹੀ ਲਿਖੀ ਸੀ। ਸਰੋਤੇ ਸਮਝਦਾਰ ਹੋਣ, ਤਾਂ ਬੋਲਣ ਵਾਲੇ ਨੂੰ ਜੋ ਨਸ਼ਾ ਹੁੰਦਾ ਹੈ, ਉਹ ਸ਼ਬਦਾਂ ਰਾਹੀਂ ਬਿਆਨ ਨਹੀਂ ਕੀਤਾ ਜਾ ਸਕਦਾ।

ਮੇਰੇ ਸਾਮ੍ਹਣੇ ਇਕ ਬਜ਼ੁਰਗ ਸਾਧੂ ਬੈਠੇ ਸਨ। ਬੜਾ ਪ੍ਰਭਾਵਸ਼ਾਲੀ ਚੇਹਰਾ, ਸੁੰਦਰ ਸਫ਼ੈਦ ਲੰਮਾ ਦਾਹੜਾ, ਸਫ਼ੈਦ ਖੁੱਲ੍ਹੇ ਕੇਸ ਪਿੱਛੇ ਕੰਡ 'ਤੇ ਪੈ ਰਹੇ ਸਨ, ਬਸਤਰ ਸਾਰੇ ਭਗਵੇ। ਮੈਂ ਵੇਖ ਰਿਹਾ ਸਾਂ, ਕਿ ਉਹ ਬਹੁਤ ਖ਼ੁਸ਼ ਸਨ।

ਦੀਵਾਨ ਸਮਾਪਤ ਹੋਇਆ। ਉਹ ਆਪ ਉਠ ਕੇ ਮੇਰੇ ਪਾਸ ਆਏ, ਤੇ ਬੜੀ ਸੁਲਝੀ ਹੋਈ ਭਾਸ਼ਾ ਵਿਚ ਮੇਰੀ ਪ੍ਰਸੰਸਾ ਕੀਤੀ। (ਉਸ ਸਮੇਂ ਵੀ ਮੈਨੂੰ ਹਿੰਦੂ ਮੱਤ ਦੇ ਧਾਰਮਿਕ ਗ੍ਰੰਥਾਂ ਦਾ ਕਾਫ਼ੀ ਗਿਆਨ ਸੀ।)

ਉਹਨਾਂ ਮੇਰੇ ਉਤੇ ਇਕ ਸਵਾਲ ਕਰ ਦਿਤਾ, "ਬਤਾਨੇ ਕਾ ਕਸ਼ਟ ਕਰੇਂਗੇ, ਕਿ ਆਪ ਜਨਮ ਜਾਤੀ ਦੇ ਕੌਨ ਹੈਂ ?"

"ਮਹਾਤਮਾ ਜੀ ! ਮੈਂ ਤਾਂ ਜਨਮ ਜਾਤੀ ਨੂੰ ਨਹੀਂ ਮੰਨਦਾ। ਮੈਂ ਗੁਰੂ ਮਹਾਰਾਜ ਦਾ ਸਿੱਖ ਹਾਂ।" ਮੈਂ ਬੜੇ ਸਤਿਕਾਰ ਨਾਲ ਉੱਤਰ ਦਿਤਾ।

"ਸਿੱਖ ਤੋ ਆਪ ਹੈਂ ਹੀ। ਫਿਰ ਭੀ ਜਨਮ ਜਾਤੀ ਤੋ ਹੋਤੀ ਹੀ ਹੈ। ਕਿਆ ਆਪ ਬ੍ਰਹਿਮਣ ਹੈਂ ?"

ਹੁਣ ਮੈਨੂੰ ਮਜਬੂਰਨ ਜਨਮ ਜਾਤ ਦਸਣੀ ਪਈ। "ਭਗਵਾਨ ! ਆਪ ਪੂਛਨਾ ਹੀ ਚਾਹਤੇ ਹੈਂ, ਤੋ ਮੈਂ 'ਪੰਨੂੰ' ਗੋਤ ਕਾ ਜੱਟ ਸਿੱਖ ਹੂੰ। ਹਮਾਰੇ ਬਜ਼ੁਰਗ ਜੈਸਲਮੇਰ ਕੇ ਰਾਜਪੂਤੋਂ ਮੈਂ ਸੇ ਹੈਂ।"

"ਹੂੰ !" ਮੇਰੇ ਵੱਲੇ ਬੜੇ ਧਿਆਨ ਨਾਲ ਵੇਖਦੇ ਹੋਏ ਉਹ ਬੋਲੇ, "ਤੋ ਨਿਸਚਾ ਕੀਜੀਏ, ਆਪ ਪਿਛਲੇ ਜਨਮ ਕੇ ਬ੍ਰਹਿਮਣ ਹੈਂ।"

"ਸੁਆਮੀ ਜੀ ! ਯਹਿ ਤੋ ਈਸ਼ਵਰ ਜਾਨੇ, ਕਿ ਮੈਂ ਪਿਛਲੇ ਜਨਮ ਮੇਂ ਬ੍ਰਾਹਮਣ ਥਾ, ਯਾ ਕੌਨ, ਮਗਰ ਮੇਰੇ ਅੰਦਰ ਵਿੱਦਿਆ ਪ੍ਰਾਪਤੀ ਕੀ ਭੂਕ ਅਵੱਸ਼ ਹੈ।"

ਇਸ ਮਸਲੇ 'ਤੇ ਮੈਂ ਕਈ ਦਿਨ ਸੋਚਦਾ ਰਿਹਾ। ਪੁਰਾਣੇ ਸਮੇਂ ਵਿੱਦਿਆ ਉਤੇ ਪੰਡਤ ਦਾ ਇਕ ਮਾਤਰ ਅਧਿਕਾਰ ਸੀ। ਕਈ ਜਾਤੀਆਂ ਨੂੰ ਤਾਂ ਈਸ਼ਵਰ ਦਾ ਨਾਮ ਲੈਣ, ਜਾਂ ਸੁਣਨ ਦਾ ਵੀ ਹੱਕ ਨਹੀਂ ਸੀ।

ਪੁਨਰ-ਜਨਮ ਦੇ ਸਿਧਾਂਤ ਅਨੁਸਾਰ ਮੇਰੇ ਅੰਦਰ ਵਿੱਦਿਆ ਪ੍ਰਾਪਤੀ ਦੀ ਕੁਦਰਤੀ ਭੁੱਖ ਸੀ। ਇਸ ਦਾ ਕਾਰਨ ਤਾਂ ਈਸ਼ਵਰ ਹੀ ਜਾਣੇ।

ਉਸ ਸਮੇਂ ਸਾਡੇ ਘਰ ਵਿਚ ਸਿਰਫ਼ ਦੋ ਗ੍ਰੰਥ ਸਨ। ਇਕ ਆਯੁਰ-ਵੇਦਿਕ ਦਾ ਗ੍ਰੰਥ 'ਅੰਮ੍ਰਿਤ ਸਾਗਰ' ਤੇ ਇਕ ਭਾਈ ਬਾਲੇ ਵਾਲੀ ਜਨਮ ਸਾਖੀ।

ਉਸ ਸਮੇਂ ਮੇਰੀ ਉਮਰ ਦੋ-ਢਾਈ ਸਾਲ ਦੀ ਹੋਵੇਗੀ। ਮੈਂ 'ਭਾਈ ਬਾਲੇ ਵਾਲੀ ਜਨਮਸਾਖੀ' ਲੈ ਕੇ ਬੈਠ ਜਾਣਾ। ਪਹਿਲਾਂ ਉਹਦੀਆਂ ਤਸਵੀਰਾਂ ਵੇਖਣੀਆਂ, ਤੇ ਫਿਰ ਅੱਖਰਾਂ 'ਤੇ ਨਜ਼ਰ ਟਿਕਾ ਕੇ ਮਸਤ ਹੋ ਜਾਣਾ। ਮੈਂ ਇਕ ਇਕ ਅੱਖਰ ਉਤੇ ਨਜ਼ਰ ਟਿਕਾਈ ਉਪਰੋਂ ਲੈ ਕੇ ਥੱਲੇ ਤਕ ਪੁੱਜ ਜਾਣਾ। ਅੱਜ ਮੈਂ ਸੋਚਦਾ ਹਾਂ, ਕਿ ਕੋਈ ਸਾਇੰਸ ਦਾ ਫ਼ਿਲਾਸਫ਼ਰ ਨਵੀਂ ਕਾਢ ਕੱਢਣ ਵਾਸਤੇ ਏਨਾ ਧਿਆਨ ਮਗਨ ਭਾਵੇਂ ਹੁੰਦਾ ਹੋਵੇ।

ਮੇਰੀ ਵੱਡੀ ਭੈਣ ਨੇ ਕਈ ਵਾਰ ਮੈਨੂੰ ਛੇੜਨ ਵਾਸਤੇ ਹੱਥ ਮਾਰ ਕੇ ਕਤਾਬ ਬੰਦ ਕਰ ਦੇਣੀ। ਮੈਂ ਇੱਕੋ ਵਾਰ ਚੀਕ ਉੱਠਣਾ, "ਮਾਂ ! ਵੇਖ ਲੈ, ਇਹ ਮੈਨੂੰ ਪੜ੍ਹਨ ਨਹੀਂ ਦੇਂਦੀ।"

"ਊਂਹ ! ਵੱਡਾ ਪੜ੍ਹਾਕੂ। ਦੱਸ, ਊੜਾ ਕਿਹੜਾ ਏ।" ਭੈਣ ਨੇ ਕੋਲ ਬਹਿ ਕੇ ਪੁੱਛਣਾ।

ਜਿਹੜੀ ਸਤਰ ਉਤੇ ਮੇਰੀ ਨਜ਼ਰ ਹੋਣੀ, ਮੈਂ ਉਸ ਦੇ ਪਹਿਲੇ ਅੱਖਰ ਉਤੇ ਉਂਗਲ ਰੱਖ ਦੇਣੀ।

ਉਸ ਸਮੇਂ ਹਰ ਸਤਰ ਦਾ ਪਹਿਲਾ ਅੱਖਰ ਮੇਰੇ ਵਾਸਤੇ 'ਊੜਾ' ਸੀ।

ਇਹ ਸਾਰੀਆਂ ਗੱਲਾਂ ਪਿੱਛੋਂ ਮਾਤਾ ਜੀ ਦੱਸਿਆ ਕਰਦੇ ਸਨ।

ਮੈਂ ਤਿੰਨ ਕੁ ਸਾਲ ਦਾ ਹੋ ਗਿਆ, ਤਾਂ ਮਾਪਿਆਂ 'ਤੇ ਜ਼ੋਰ ਦੇਣ ਲੱਗਾ, "ਮਾਂ! ਮੈਨੂੰ ਪੜ੍ਹਨੇ ਪਾ ਦਿਉ ਖਾਂ।"

ਮਾਤਾ ਜੀ ਨੇ ਹਉਕਾ ਭਰ ਕੇ ਕਹਿਣਾ, "ਪੁੱਤ! ਮੈਂ ਵੀ ਚਾਹੁੰਦੀ ਆਂ, ਤੂੰ ਪੜ੍ਹ ਲਿਖ ਕੇ ਇਸ ਨਰਕ ਵਿਚੋਂ ਨਿਕਲ ਜਾਵੇਂ, ਪਰ ਨੇੜੇ ਕੋਈ ਸਕੂਲ ਵੀ ਹੋਵੇ?"

(ਸੱਚ ਮੁੱਚ ਹੀ ਉਸ ਸਮੇਂ ਮੇਰੇ ਮਾਤਾ ਪਿਤਾ ਦਾ ਜੀਵਨ ਨਰਕਾਂ ਵਰਗਾ ਹੀ ਸੀ। ਛੋਟਾ ਵਾਸਾ, ਤੇ ਜੱਟਾਂ ਦਾ ਸ਼ਰੀਕਾ।)

ਉਸ ਸਮੇਂ ਪਹਾੜ ਦੀ ਬਾਹੀ ਢਾਈ-ਤਿੰਨ ਮੀਲ ਦੀ ਵਿੱਥ 'ਤੇ ਪਿੰਡ 'ਕਤਲੂਹੀ' ਵਿਚ ਪ੍ਰਾਇਮਰੀ ਸਕੂਲ ਸੀ। ਤੇ ਦੱਖਣ ਵੱਲ 'ਕਸੂਰ' ਚਾਰ ਮੀਲ।

ਮੇਰਾ ਹੌਸਲਾ ਵੇਖੋ, ਮੈਂ ਕਹਿੰਦਾ ਸਾਂ, "ਤੁਸੀਂ ਮੈਨੂੰ ਕਸੂਰ ਸਕੂਲ ਵਿਚ ਦਾਖ਼ਲ ਕਰਾ ਆਓ। ਫਿਰ ਮੈਂ ਆਪੇ ਰੋਜ਼ ਤੁਰ ਕੇ ਚਲਾ ਜਾਇਆ ਕਰਾਂਗਾ।"

ਅਫ਼ਸੋਸ! ਮੇਰੇ ਮਾਪੇ ਐਸਾ ਨਹੀਂ ਸਨ ਕਰ ਸਕਦੇ। ਵਿਰੋਧੀਆਂ ਵੱਲੋਂ ਉਹਨਾਂ ਨੂੰ ਹਰ ਸਮੇਂ ਮੇਰੀ ਜਾਨ ਦਾ ਖ਼ਤਰਾ ਸੀ।

ਵਿੱਦਿਆ ਪ੍ਰਾਪਤੀ ਦੀ ਤਾਂਘ ਵਿਚ ਸਹਿਕਦਿਆਂ ਮੈਂ ਪੰਜ ਸਾਲ ਦਾ ਹੋ ਗਿਆ। ਮੇਰੇ ਭਾਗਾਂ ਨੂੰ ਸਾਡੇ ਗੁਰਦੁਆਰੇ ਵਿਚ ਇਕ ਉਦਾਸੀ ਸਾਧੂ ਆ ਗਿਆ। ਪਿੰਡ ਦੇ ਪੰਜ-ਸੱਤ ਸਿੱਖਾਂ ਦੇ ਲੜਕੇ ਉਹਦੇ ਕੋਲ ਗੁਰਮੁਖੀ ਪੜ੍ਹਨ ਜਾਣ ਲਗ ਪਏ। ਉਹਨਾਂ ਵਿਚੋਂ ਸਭ ਤੋਂ ਛੋਟੀ ਉਮਰ ਦਾ ਮੈਂ ਸਾਂ।

ਉਸ ਸਾਧੂ ਦਾ ਪੜ੍ਹਾਉਣ ਦਾ ਢੰਗ ਵੀ ਆਪਣਾ ਹੀ ਸੀ। ਪਹਿਲਾਂ 'ਬਾਲ-ਉਪਦੇਸ' ਸ਼ੁਰੂ ਹੋਇਆ ਤੇ ਨਾਲ ਹੀ ਫੱਟੀ ਉਤੇ ਊੜਾ ਐੜਾ ਲਿਖਣਾ ਸਿਖਾਇਆ। ਸ਼ਾਮ ਨੂੰ ਸਾਰਿਆਂ ਨੇ ਪਾਲ ਵਿਚ ਖੜੇ ਹੋ ਕੇ ਮੁਹਾਰਨੀ ਬੁਲਾਉਣੀ।

'ਬਾਲ-ਉਪਦੇਸ' ਪਿੱਛੋਂ 'ਪੰਜ ਗ੍ਰੰਥੀ' ਸ਼ੁਰੂ ਹੋ ਗਈ। ਅੱਗੇ ਅੱਗੇ ਬਾਬਾ ਜੀ ਨੇ ਤੁਕ ਬੋਲੀ ਜਾਣੀ, ਤੇ ਮਗਰ ਮਗਰ ਵਿਦਿਆਰਥੀਆਂ ਨੇ 'ਲਟ ਪਟ ਪੰਛੀ ਚਤਰ ਸੁਜਾਨ' ਵਾਂਗ ਦੁਹਰਾਈ ਜਾਣੀ। ਦੋ ਵਾਰ ਬਾਬਾ ਜੀ ਨੇ ਅਖਵਾ ਦੇਣਾ, ਤੇ ਫਿਰ ਵਿਦਿਆਰਥੀ ਜਾਨਣ।

ਛੇ-ਕੁ ਮਹੀਨੇ ਵਿਚ 'ਪੰਜ ਗ੍ਰੰਥੀ' ਖ਼ਤਮ ਹੋ ਗਈ, ਤਾਂ 'ਭਗਤ ਬਾਣੀ' ਆ ਗਈ। ਉਸੇ ਸਮੇਂ ਕਿਸੇ ਗੱਲੋਂ ਪਿੰਡ ਨਾਲ ਰੁੱਸ ਕੇ 'ਸਾਧੂ ਬਾਬਾ' ਚਲੇ ਗਏ। ਮੇਰੀ ਪੜ੍ਹਾਈ ਦਾ ਪਹਿਲਾ ਦੌਰ ਖ਼ਤਮ ਹੋ ਗਿਆ।

ਫਿਰ ਜਨਮ-ਸਿੱਧ ਉਸਤਾਦ ਮਾਤਾ ਜੀ ਨੇ ਮੈਨੂੰ ਨੁਹਾ ਧੁਆ ਕੇ ਬਿਠਾ ਦੇਣਾ, ਤੇ ਕਹਿਣਾ "ਲੈ, ਬੀਬਾ ਪੁੱਤ! ਤੂੰ 'ਜਪੁਜੀ ਸਾਹਿਬ' ਦਾ ਪਾਠ ਕਰ, ਤੇ ਮੈਂ ਤੇਰੇ ਵਾਸਤੇ ਚੂਰੀ ਤਿਆਰ ਕਰਦੀ ਆਂ।"

ਇਕ ਚੂਰੀ ਦਾ ਲਾਲਚ, ਤੇ ਇਕ 'ਬੀਬਾ ਪੁੱਤ ਬਣਨ ਦੀ ਚਾਹ, ਮੈਂ 'ਜਪਜੀ ਸਾਹਿਬ' ਦੇ ਪਾਠ ਵਿਚ ਮਗਨ ਹੋ ਜਾਣਾ। ਭਲਾ ਹੁੰਦੇ ਤਾਣ 'ਗੋਲਾ ਪੁੱਤ' ਬਣਨ ਦੀ ਗ਼ਲਤੀ ਕੌਣ ਕਰਦਾ ਏ।

ਓਸੇ ਸਮੇਂ ਤੋਂ ਮੈਂ 'ਜਪੁ ਜੀ ਸਾਹਿਬ' ਦਾ ਪਾਠ ਕਰਦਾ ਆ ਰਿਹਾ ਹਾਂ। ਇਹ ਮੇਰੀ ਆਤਮਾ ਦੀ ਖ਼ੁਰਾਕ ਬਣ ਗਿਆ ਹੈ।

ਫਿਰ ਪੰਜਾਬੀ ਕਿੱਸਿਆਂ ਦੀ ਵਾਰੀ ਆ ਗਈ। ਸਭ ਤੋਂ ਪਹਿਲਾਂ ਮੈਂ 'ਕਾਦਰ ਯਾਰ ਦਾ ਪੂਰਨ' ਪੜ੍ਹਿਆ। ਤੇ ਫਿਰ ਕਾਲੀਦਾਸ ਦਾ ਪੂਰਨ, ਤੇ ਰੂਪ ਬਸੰਤ, ਹੀਰ ਵਾਰਸ ਸ਼ਾਹ, ਹੀਰ ਭਗਵਾਨ ਸਿੰਘ, ਸੱਸੀ ਪੁੰਨੂੰ, ਸੋਹਣੀ ਮਹੀਂਵਾਲ, ਸ਼ਾਹ ਬਹਿਰਾਮ,...ਪਤਾ ਨਹੀਂ, ਕਿੰਨੇ ਕੁ ਕਿੱਸੇ ਪੜ੍ਹੇ। ਅੱਠ-ਨੌਂ ਸਾਲ ਦੀ ਉਮਰ ਵਿਚ ਮੈਂ ਗਿਆਨੀ ਕਰਤਾਰ ਸਿੰਘ ਕਲਾਸ ਵਾਲੀਏ ਦਾ 'ਸਿਦਕ ਖ਼ਾਲਸਾ' ਪੜ੍ਹਿਆ। ਉਸ ਨੇ ਮੇਰੇ ਅੰਦਰ 'ਸਿੱਖ ਇਤਿਹਾਸ ਪੜ੍ਹਨ ਦੀ ਅਮਿਟ ਲਗਨ ਪੈਦਾ ਕਰ ਦਿਤੀ।

(ਜਿਸ ਤਰ੍ਹਾਂ 'ਮੈਣੇ' ਆਦਿ ਦੇ ਮੌਸਮੀ ਬੀਜ ਧਰਤੀ ਦੀ ਕੁੱਖ ਵਿਚ ਅਮਨ-ਅਮਾਨ ਪਏ ਰਹਿੰਦੇ ਨੇ, ਤੇ ਆਪਣਾ ਮੌਸਮ ਔਣ ਉਤੇ ਪੁੰਗਰ ਪੈਂਦੇ ਨੇ, ਓਸੇ ਤਰ੍ਹਾਂ ਸਮਾਂ ਔਣ 'ਤੇ ਮੈਂ 'ਸਿੱਖ ਇਤਿਹਾਸ ਲਿਖਿਆ, ਤੇ ਪੁਰਾਤਨ ਇਤਿਹਾਸਕ ਗ੍ਰੰਥਾਂ ਉਤੇ ਆਲੋਚਨਾ ਵੀ ਕੀਤੀ।)

ਮੇਰੀ ਪੜ੍ਹਾਈ ਕਿਸ਼ਤਾਂ ਨਾਲ ਹੋਈ। ਕਰਨਾਲ ਦੇ ਇਕ ਬਜ਼ੁਰਗ 'ਮੁਰਲੀ ਰਾਮ ਜੀ' ਆਰਜ਼ੀ ਤੌਰ 'ਤੇ ਸਾਡੇ ਪਿੰਡ ਆ ਵੱਸੇ। ਉਹਨਾਂ ਕੋਲੋਂ ਮੈਂ ਉਰਦੂ ਦੀਆਂ ਦੋ ਕਤਾਬਾਂ ਪੜ੍ਹੀਆਂ ਤੇ ਉਰਦੂ ਲਿਖਣੀ ਸਿੱਖੀ। ਓਦੋਂ ਮੇਰੀ ਉਮਰ ਨੌਂ-ਦਸ ਸਾਲ ਦੀ ਸੀ।

ਪਿੱਛੋਂ ਪਿੰਡ 'ਵਰਨ', ਜੋ ਕਦੇ ਪੁਰਾਣੇ ਪਿੰਡ ਕਾਦੀਵਿੰਡ ਦੀ ਹੀ ਇਕ ਪੱਤੀ ਸੀ, ਵਿਚ ਸਕੂਲ ਖੁੱਲ੍ਹਾ। ਸਾਡੇ ਪਿੰਡੋਂ ਚਾਰ-ਪੰਜ ਲੜਕੇ ਓਥੇ ਜਾ ਦਾਖ਼ਲ ਹੋਏ। ਮੈਂ ਵੀ ਫ਼ਰਵਰੀ ਵਿਚ ਜਾ ਦਾਖ਼ਲ ਹੋਇਆ। ਉਸਤਾਦ ਨੇ ਮੈਨੂੰ ਦੂਸਰੀ ਵਿਚ ਦਾਖ਼ਲ ਕੀਤਾ। ਅਪ੍ਰੈਲ ਵਿਚ ਤੀਸਰੀ ਵਿਚ ਹੋਇਆ, ਸਤੰਬਰ ਵਿਚ (ਮਹਿਕਮੇ ਤੋਂ ਮਨਜ਼ੂਰੀ ਲੈ ਕੇ) ਉਸਤਾਦ ਨੇ ਮੈਨੂੰ ਚੌਥੀ ਵਿਚ ਕਰ ਦਿਤਾ, ਅਗਲੇ ਸਾਲ ਮੈਂ ਗੌਰਮਿੰਟ ਹਾਈ ਸਕੂਲ ਕਸੂਰ ਜਾ ਦਾਖ਼ਲ ਹੋਇਆ। ਓਥੇ ਮੈਨੂੰ ਛੇ ਸਾਲ ਲੌਣੇ ਹੀ ਪਏ। ਚਾਰ ਮੀਲ ਤੁਰ ਕੇ ਜਾਣਾ, ਤੇ ਚਾਰ ਮੀਲ ਔਣਾ, ਘਰ ਆ ਕੇ ਘਰ ਦਾ ਕੰਮ ਵੀ ਕਰਨਾ। ੧੯੩੦ ਈ: ਵਿਚ ਮੈਂ ਸਾਇੰਸ ਤੇ ਪੰਜਾਬੀ ਨਾਲ ਦਸਵੀਂ ਪਾਸ ਕੀਤੀ। ਦਸਵੀਂ ਵਿਚੋਂ ਫ਼ਸਟ ਡਵੀਜ਼ਨ ਲੈ ਕੇ ਮੈਨੂੰ ਬਹੁਤੀ ਖ਼ੁਸ਼ੀ ਨਾ ਹੋਈ। ਕਿਉਂਕਿ ਘਰ ਦੇ ਹਾਲਾਤ ਨੂੰ ਮੁੱਖ ਰੱਖ ਕੇ ਮੈਂ ਪੜ੍ਹਨ ਵਾਸਤੇ ਕਾਲਜ ਨਹੀਂ ਸਾਂ ਜਾ ਸਕਦਾ। ਪਰ ਹੁਣ ਮੈਨੂੰ ਇਸ ਗੱਲ ਦਾ ਕੋਈ ਅਫ਼ਸੋਸ ਨਹੀਂ। ਜੇ ਮੈਂ ਕਾਲਜ ਵਿਚ ਪੜ੍ਹਨ ਵਾਸਤੇ ਨਹੀਂ ਜਾ ਸਕਿਆ, ਤਾਂ ਹੁਣ ਕਈ ਵਾਰ ਕਾਲਜਾਂ ਤੇ ਯੂਨੀ-ਵਰਸਟੀਆਂ ਵਿਚ ਲੈਕਚਰ ਦੇਣ ਵਾਸਤੇ ਜਾਣਾ ਪੈਂਦਾ ਹੈ। ਮੇਰੇ ਲਿਖੇ ਨਾਵਲ ਦਸਵੀਂ ਤੋਂ ਲੈ ਕੇ ਐਮ. ਏ. ਤਕ ਕੋਰਸਾਂ ਵਜੋਂ ਲੱਗੇ ਹੋਏ ਨੇ।

ਮੇਰਾ ਤਜਰਬਾ ਹੈ, ਕਿ ਸਕੂਲਾਂ, ਕਾਲਜਾਂ ਵਿਚ ਪੜ੍ਹਨ ਦੀ ਜਾਚ ਸਿਖਾਈ ਜਾਂਦੀ ਹੈ। ਪੜ੍ਹਨਾ ਤਾਂ ਉਸ ਤੋਂ ਪਿਛੋਂ ਪੈਂਦਾ ਹੈ।

—

G. S. K.
25-9-1995

# ਮੈਂ ਚੋਰੀ ਕੀਤੀ

ਓਦੋਂ ਮੇਰੀ ਉਮਰ ਅੱਠ-ਕੁ ਸਾਲ ਦੀ ਸੀ। ਗੁਰਦੁਆਰੇ ਦਾ ਉਸ ਸਮੇਂ ਦਾ ਗ੍ਰੰਥੀ ਵੀ ਮਾਮੂਲੀ ਪੜ੍ਹਿਆ ਹੋਇਆ ਸੀ। ਉਹਦੇ ਕੋਲ ਦੋ-ਚਾਰ ਧਾਰਮਿਕ ਕਿੱਸੇ ਸਨ। ਇਕ ਦਿਨ ਮੈਂ ਉਹਨਾਂ ਵਿਚੋਂ ਇਕ ਚੁਰੱਾ ਲਿਆਇਆ। ਕਿੱਡੀ ਬੇਸਮਝੀ ਸੀ। ਮੈਂ ਉਹ ਮੰਗ ਕੇ ਵੀ ਲਿਆ ਸਕਦਾ ਸਾਂ। ਪਰ ਚੋਰ ਨੂੰ ਜੋ ਸੁਆਦ ਚੋਰੀ ਕਰਨ ਵਿਚ ਔਂਦਾ ਹੈ, ਮੰਗ ਕੇ ਚੀਜ਼ ਲਿਆਂ ਨਹੀਂ ਔਂਦਾ।

ਉਸ ਛੋਟੇ ਜੇਹੇ ਕਿੱਸੇ ਵਿਚ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਪਰਸੰਗ ਸੀ। ਮੈਂ ਤਿੰਨ-ਚਾਰ ਦਿਨ ਉਹ ਪੜ੍ਹਦਾ ਰਿਹਾ। ਪਰ ਹਰ ਸਮੇਂ ਮੇਰੇ ਅੰਦਰੋਂ ਇਕੋ ਆਵਾਜ਼ ਆਵੇ 'ਤੂੰ ਚੋਰ ਏਂ।' ਤੇ ਚੋਰੀ ਵੀ ਗੁਰੂ ਦੇ ਘਰੋਂ ਕੀਤੀ ਹੈ।

ਮੈਂ ਬਹੁਤ ਬੇਚੈਨ ਹੋ ਗਿਆ। ਓਸੇ ਤਰ੍ਹਾਂ ਚੋਰੀ ਚੋਰੀ ਮੈਂ ਉਹ ਕਿੱਸਾ ਫਿਰ ਗੁਰਦੁਆਰੇ ਰੱਖ ਆਇਆ। ਇਉਂ ਸਮਝੋ, ਕਿ ਮੈਂ ਇੱਕੋ ਚੀਜ਼ ਵਾਸਤੇ ਦੋ ਵਾਰ ਚੋਰ ਬਣਿਆਂ।

ਚੰਗਾ ਰਸਤਾ ਸੀ, ਕਿ ਗ੍ਰੰਥੀ ਸਾਹਿਬ ਤੋਂ ਮਾਫ਼ੀ ਮੰਗਦਾ ਤੇ ਹੱਥੀਂ ਉਹ ਕਿੱਸਾ ਵਾਪਸ ਕਰਕੇ ਔਂਦਾ। ਪਰ ਮੈਂ ਐਸਾ ਨਾ ਕਰ ਸਕਿਆ।

ਮੇਰੀ ਰਾਏ ਹੈ, ਕਿ ਗ਼ਲਤੀ ਕਰਕੇ, ਉਸ ਨੂੰ ਪਰਵਾਨ ਕਰ ਲੈਣਾ ਬਹੁਤ ਵੱਡੀ ਬਹਾਦਰੀ ਹੈ। ਪਰ ਮਨੁੱਖ ਦੀ ਸਭ ਤੋਂ ਵੱਡੀ ਕਮਜ਼ੋਰੀ ਏਹਾ ਹੈ, ਕਿ ਇਹ ਆਪਣੀ ਗ਼ਲਤੀ ਨੂੰ ਕਦੇ ਪਰਵਾਨ ਨਹੀਂ ਕਰਦਾ।

G.S.S.K.
25-9-95

# ਹੱਥ ਰੇਖਾਵਾਂ ਮਿਟ ਜਾਂਦੀਆਂ ਹਨ

ਮੈਂ ਓਦੋਂ ਤਿੰਨ-ਚਾਰ ਸਾਲ ਦਾ ਹੋਵਾਂਗਾ। ਕਸੂਰੋਂ ਇਕ ਪਾਂਧਾ (ਪੰਡਤ) ਆਇਆ ਕਰਦਾ ਸੀ। ਸੰਗਰਾਂਦ, ਮੱਸਿਆ, ਪੂਰਨਮਾਸ਼ੀ ਉਹਨੇ ਇੱਕੋ ਸਾਹੇ ਬੋਲ ਜਾਣਾ। ਤੇ ਜੇ ਘਰ ਵਿਚ ਕੋਈ ਛੋਟਾ ਬਾਲਕ ਹੋਵੇ, ਤਾਂ ਉਹਨੇ ਮੱਲੋ ਮੱਲੀ ਹੱਥ ਵੇਖਣ ਲੱਗ ਪੈਣਾ। ਮੈਨੂੰ ਵੀ ਹੱਥ ਵਿਖਾਉਣ ਦਾ ਚਸਕਾ ਪੈ ਗਿਆ। ਪਾਂਧੇ ਨੇ ਵਿਹੜੇ ਅੰਦਰ ਪੈਰ ਧਰਿਆ ਨਹੀਂ, ਤੇ ਮੈਂ ਓਥੋਂ ਹੀ ਸੱਜਾ ਹੱਥ ਅਗ੍ਹਾਂ ਵਧਾਈ ਭੱਜੇ ਔਣਾ। ਮੇਰਾ ਹੱਥ ਫੜ ਕੇ ਉਹਨੇ ਮੇਰੇ ਮਾਤਾ ਜੀ ਨੂੰ ਕਹਿਣਾ, "ਮਾਤਾ ਜੀ! ਤੁਹਾਡਾ ਪੁੱਤਰ ਬੜਾ ਭਾਗਾਂ ਵਾਲਾ ਏ। ਇਹ ਬੜਾ ਨਾਮ ਪੈਦਾ ਕਰੇਗਾ। ਤੁਹਾਡੀ ਬੜੀ ਸੇਵਾ ਕਰੇਗਾ। ਇਉਂ ਸਮਝੋ, ਤੁਹਾਡੇ ਘਰ ਇਹ 'ਸਰਵਣ ਪੁੱਤਰ' ਜਨਮਿਆਂ ਏਂ।......।"

(ਮੈਨੂੰ ਪਿੱਛੋਂ ਸਮਝ ਪਈ, ਕਿ ਏਨੇ ਵਰ ਉਹ ਹਰ ਬੱਚੇ ਦੀ ਮਾਂ ਨੂੰ ਦੇ ਦਿਆ ਕਰਦਾ ਸੀ। ਆਖ਼ਰ ਹੰਦਾ ਕਿਵੇਂ ਮਿਲੇ।)

ਫਿਰ ਉਹਨੇ ਮੇਰਾ ਹੱਥ ਉਲਟਾ ਕੇ ਚੀਚੀ ਦੇ ਮਗਰਲੇ ਪਾਸੇ ਗਿੱਬੀ ਉਤੇ ਲਕੀਰਾਂ ਵੇਖਣੀਆਂ। ਸੱਚਮੁੱਚ ਉਸ ਵੇਲੇ ਮੇਰੇ ਦੋਹਾਂ ਹੱਥਾਂ ਉਤੇ ਤਿੰਨ ਤਿੰਨ ਲਕੀਰਾਂ ਸਨ। ਪਾਂਧੇ ਨੇ ਕਹਿਣਾ, "ਮਾਤਾ ਜੀ! ਤੁਹਾਡੇ ਪੁੱਤਰ ਦੇ ਤਿੰਨ ਸੰਜੋਗ ਹਨ। ਬੜਾ ਵਧੇ ਫੁੱਲੇਗਾ।"

ਤਿੰਨ ਲਕੀਰਾਂ, ਤਿੰਨ ਸੰਜੋਗ, ਤਿੰਨ ਵਹੁਟੀਆਂ? ਮੈਂ ਸੁਣ ਕੇ ਬੜਾ ਹੈਰਾਨ ਹੋਣਾ। ਉਸ ਸਮੇਂ ਤਕ ਸਾਰੇ ਪਿੰਡ ਵਿਚ ਦੋ ਪਤਨੀਆਂ ਕਿਸੇ ਸੱਜਣ ਦੇ ਘਰ ਵੀ ਨਹੀਂ ਸਨ।

ਖ਼ੈਰ, ਸਮਾਂ ਆਇਆ। ਜਿੱਥੇ ਸੰਜੋਗ ਸੀ, ਸ਼ਿਰੀ ਮਤੀ ਆ ਗਈ। ਉਹਨੇ ਸਾਰੀਆਂ ਲਕੀਰਾਂ ਮਿਟਾ ਦਿਤੀਆਂ। ਇਸ ਵੇਲੇ ਦੋਹਾਂ ਹੱਥਾਂ ਉਤੇ ਇਕ ਇਕ ਲਕੀਰ ਹੀ ਰਹਿ ਗਈ ਹੈ।

ਆ ਗਈ ਰੱਬ ਦੇ ਨਾਂ ਵਾਲੀ। ਜਿਸ ਦੇ ਔਣ ਪਿੱਛੋਂ ਬਹਿਸ਼ਤ ਦੀ ਹੂਰਵਾਸ ਤੇ ਵੀ ਮਨ ਨਹੀਂ ਲਲਚਾਇਆ।

C.S.S.K.
25-9-95.

# ਗ਼ਲਤੀ ਨਹੀਂ, ਅਪਰਾਧ

ਉਮਰ ਅਜੇ ਪੰਜ ਸਾਲ ਤੋਂ ਘੱਟ ਹੀ ਸੀ। ਸੰਗਰਾਂਦ ਦਾ ਦਿਨ ਸੀ। ਸਾਰਾ ਪਿੰਡ ਗੁਰਦੁਆਰੇ ਬੈਠਾ ਸੀ, ਇਕ ਪਾਸੇ ਭਾਈ, ਇਕ ਪਾਸੇ ਮਾਈਆਂ। ਮੇਰੇ ਮਾਤਾ ਜੀ ਨੇ ਮੈਨੂੰ ਕੋਈ ਕੰਮ ਦੱਸਿਆ। ਮੈਂ ਹੋਰ ਬੇਸਮਝ ਹਾਣੀਆਂ ਵਾਂਗ ਕਹਿ ਦਿਤਾ, "ਕਿਉਂ ? ਮੈਂ ਤੇਰਾ ਨੌਕਰ ਲੱਗਾ ਹੋਇਆਂ ?"

ਮੇਰੇ ਮਾਤਾ ਜੀ ਨੇ ਜਿਸ ਨਜ਼ਰ ਨਾਲ ਮੇਰੇ ਵੱਲ ਵੇਖਿਆ, ਮੈਨੂੰ ਅਜੇ ਤਕ ਨਹੀਂ ਭੁੱਲਿਆ। ਉਹਨਾਂ ਦੀਆਂ ਅੱਖਾਂ ਵਿਚ ਪਾਣੀ ਆ ਗਿਆ ਸੀ। ਮੈਂ ਸੋਚਦਾਂ, ਉਸ ਵੇਲੇ ਉਹ ਮੈਨੂੰ ਦੋ ਧੱਫੇ ਮਾਰ ਲੈਂਦੇ, ਤਾਂ ਉਹ ਭੁੱਲ ਜਾਣੇ ਸੀ, ਪਰ ਉਹ ਤੱਕਣੀ ਅਜੇ ਤਕ ਨਹੀਂ ਭੁੱਲੀ।

ਹਾਂ, ਉਸ ਤੋਂ ਪਿੱਛੋਂ ਮੈਂ ਉਹਨਾਂ ਨੂੰ ਕਦੇ ਅਜੇਹਾ ਮੌਕਿਆ ਨਹੀਂ ਦਿਤਾ। ਉਹ ਮੇਰੇ ਵੱਲੋਂ ਸੁਖੀ ਤੇ ਸ਼ਾਂਤ ਗਏ ਹਨ।

---

G.S.S.K.
25-9-1995

# ਮੈਂ ਵਹੁਟੀ ਨਹੀਂ

ਮਨ ਦੀ ਅਵਸਥਾ ਨੂੰ ਸਮਝਣਾ ਬੜਾ ਮੁਸ਼ਕਲ ਹੈ। ਅਸੀਂ ਲਾਡਲੀ ਧੀ ਨੂੰ ਤਾਂ 'ਬੇਟਾ' ਕਹਿਕੇ ਬੁਲਾਵਾਂਗੇ, ਤੇ ਪੁੱਤਰ ਨੂੰ 'ਬਚੜੀ'। ਫਿਰ ਸਰਫ਼ੇ ਦੇ ਪੁੱਤਰ ਨੂੰ ਕੁੜੀਆਂ ਵਾਂਗ ਸਜਾਵਾਂਗੇ। ਮੇਰੇ ਪੈਰੀਂ ਵੀ ਬੋਰਾਂ ਵਾਲੀਆਂ ਪਾਜੇਬਾਂ ਹੁੰਦੀਆਂ ਸਨ। ਸਿਰ 'ਤੇ ਕੁੜੀਆਂ ਵਾਂਗ ਫੁੱਲ ਚੌਂਕ, ਪਰਾਂਦਾ ਤੇ ਪਿੱਛੇ ਲੰਮੀ ਸਾਰੀ ਗੁੱਤ ਹੋਣੀ।

ਪਿੰਡਾਂ ਵਿਚ, ਭਾਵੇਂ ਕੋਈ ਕਿਸੇ ਬਰਾਦਰੀ ਦਾ ਹੋਵੇ, ਚਾਚਾ, ਬਾਬਾ, ਭਾਊ ਦੇ ਰਿਸ਼ਤੇ ਬਣੇ ਹੀ ਹੁੰਦੇ ਹਨ।

"ਭੈਣਾਂ ਨੇ ਰੁਮਾਲ ਵਿਚ ਫੁੱਲ, ਚੌਂਕ ਤੇ ਪਰਾਂਦਾ ਬੰਨ੍ਹ ਦੇਣਾ, ਤੇ ਕਹਿਣਾ, "ਜਾਹ, 'ਰਾਣੀ' ਕੋਲੋਂ ਸਿਰ ਕਰਾ ਲਿਆ।" ਪੁਰਾਤਨ ਸੱਭਯਤਾ, 'ਨਾਈ', ਜਾਂ 'ਨੈਣ' ਨਹੀਂ ਕਹਿਣਾ, ਸਗੋਂ 'ਰਾਜਾ' ਤੇ 'ਰਾਣੀ' ਕਹਿਣਾ। ਮੈਂ 'ਰਾਣੀ' ਨੂੰ ਭਾਬੀ ਕਿਹਾ ਕਰਦਾ ਸਾਂ, ਭਾਵੇਂ ਉਹ ਉਮਰ ਵਿਚ ਤੀਹ-ਪੈਂਤੀ ਸਾਲ ਵੱਡੀ ਸੀ।

ਮੈਂ ਪਾਜੇਬਾਂ ਦੇ ਬੋਰ ਛਣਕਾਉਂਦੇ ਰਾਣੀ ਦੇ ਘਰ ਜਾ ਪਹੁੰਚਣਾ। ਇਕ ਦਿਨ ਉਹਨੇ ਫੁੱਲ ਚੌਂਕ, ਪਰਾਂਦਾ ਪਾ ਕੇ ਮੇਰੇ ਸਾਮ੍ਹਣੇ ਸ਼ੀਸ਼ਾ ਕਰਕੇ ਕਹਿ ਦਿਤਾ, "ਲੈ ਵਹੁਟੀਏ! ਵੇਖ ਲੈ, ਸਿਰ 'ਤੇ ਕਿਆ ਸੋਹਣਾ ਨਾਕ ਬੰਗਲਾ ਪਾਇਆ ਏ।"

"ਮੈਂ ਕੁਛ ਰੋਸ ਪਰਗਟ ਕਰਦਿਆਂ ਕਿਹਾ, "ਭਾਬੀ! ਮੈਂ ਕਿਤੇ ਵਹੁਟੀ ਆਂ?"

ਉਹਨੇ ਅੱਗੋਂ ਹਸਦਿਆਂ ਹਸਦਿਆਂ ਕਿਹਾ, "ਹੋਰ ਫੁੱਲ ਚੌਂਕ ਕੀਹਦੇ ਸਿਰ 'ਤੇ ਪਾਈਦਾ ਏ? ਸੱਜ ਵਿਆਹੀ ਵਹੁਟੀ ਦੇ।"

ਓਥੇ ਤਾਂ ਮੈਂ ਚੁੱਪ ਕਰ ਰਿਹਾ, ਪਰ ਘਰ ਆ ਕੇ ਸਾਰਾ ਰੋਸ ਮਾਤਾ ਜੀ ਅੱਗੇ ਪਰਗਟ ਕੀਤਾ। "ਮਾਂ! ਮੈਂ ਨਹੀਂ ਹੁਣ ਫੁੱਲ ਚੌਂਕ

ਪਾਇਆ ਕਰਨਾ। ਭਾਬੀ ਨੇ ਮੈਨੂੰ 'ਵਹੁਟੀ' ਆਖ ਦਿਤਾ ਸੀ।" ਮੈਂ ਫੁੱਲ ਚੌਂਕ, ਪਰਾਂਦਾ, ਸਭ ਕੁਛ ਲਾਹ ਕੇ ਮੰਜੇ 'ਤੇ ਸੁੱਟ ਦਿਤਾ।

ਉਸ ਦਿਨ ਤੋਂ ਪਿੱਛੋਂ ਫੁੱਲ ਚੌਂਕ ਬੰਦ। ਮਾਤਾ ਜੀ ਨੇ, ਜਾਂ ਵੱਡੀ ਭੈਣ ਨੇ ਸਿਰ ਵਾਹ ਕੇ ਜੂੜਾ ਕਰ ਦੇਣਾ, ਜੋ ਸਦਾ ਇਕ ਪਾਸੇ ਢਿਲਕਿਆ ਰਹਿਣਾ।

——

G.S.S.K.
25-9-1995

# ਮੈਂ ਅੱਜ ਰੋਟੀ ਨਹੀਂ ਖਾਣੀ

ਸਿੱਖ ਰਾਜ ਖ਼ਤਮ ਹੋਣ ਪਿਛੋਂ ਪਿੰਡਾਂ ਦੇ ਸਿੱਖਾਂ ਉਤੇ (ਖ਼ਾਸ ਕਰ ਜੱਟ ਸਿੱਖਾਂ ਉਤੇ) ਪੰਡਤਾਂ ਨੇ ਆਪਣਾ ਪੂਰਾ ਤਸੱਲਤ ਜਮਾਂ ਲਿਆ ਸੀ। ਸਾਰਿਆਂ ਨੇ ਆਖਣਾ 'ਜੀ, ਅੰਤ ਅਸੀਂ ਹਿੰਦੂ ਜਾਮਾ ਹਾਂ। ਪੰਡਤ ਤਾਂ ਸਾਡੇ ਪੂਜਣ ਜੋਗ ਹਨ। ਅਗਲੀ ਦਰਗਾਹ ਇਹਨਾਂ ਹੀ ਸਹਾਇਤਾ ਕਰਨੀ ਹੈ।'

ਬੱਸ, ਓਹਾ ਪੰਡਤ ਪੂਜਾ, ਦੇਵੀ ਪੂਜਾ, ਜੋਤਾਂ, ਜਠੇਰੇ।

ਸਾਰੇ ਪਿੰਡ ਦੀਆਂ ਮਾਈਆਂ ਜੋਤਾਂ ਜਗਾਇਆ ਕਰਦੀਆਂ ਸਨ। ਮੇਰੀ ਉਮਰ ਓਦੋਂ ਅੱਠ-ਕੁ ਸਾਲ ਦੀ ਹੋਵੇਗੀ। ਮੇਰੀ ਮਾਤਾ ਜੀ ਨੇ ਵੀ ਜੋਤ ਜਗਾਈ। ਮੈਂ ਕਿਹਾ, "ਮਾਂ! ਮੈਂ ਅੱਜ ਰੋਟੀ ਨਹੀਂ ਖਾਣੀ।"

"ਕਿਉਂ?" ਮਾਤਾ ਜੀ ਨੇ ਜ਼ਰਾ ਹੈਰਾਨੀ ਨਾਲ ਪੁਛਿਆ।

"ਅੱਜ ਸਭ ਕੁਛ ਦੇਵੀ ਮਾਤਾ ਦਾ ਜੂਠਾ ਹੋ ਗਿਆ ਹੈ।"

"ਪੁੱਤ! ਤੂੰ ਰੋਟੀ ਖਾ ਲੈ। ਤੇ ਮੈਂ ਅੱਜ ਤੋਂ ਪਿੱਛੋਂ ਜੋਤ ਨਹੀਂ ਜਗਾਵਾਂਗੀ।" ਨਾਲ ਹੀ ਉਹਨਾਂ ਜੋਤ ਬੁਝਾ ਦਿਤੀ।

ਸਮਝੌਤਾ ਹੋ ਗਿਆ। ਮੈਂ 'ਜਪੁਜੀ ਸਾਹਿਬ' ਦਾ ਪਾਠ ਕਰਕੇ ਰੋਟੀ ਖਾ ਲਈ। ਉਸ ਤੋਂ ਪਿੱਛੋਂ ਮੇਰੇ ਮਾਤਾ ਜੀ ਨੇ ਕਦੇ ਜੋਤ ਨਹੀਂ ਸੀ ਜਗਾਈ, ਤੇ ਨਾ ਹੀ ਜੰਡੀ ਠਾਰਨ, ਜਾਂ ਜਠੇਰੇ ਪੂਜਣ ਗਏ ਸਨ।

G.S.S.K.
25-9-199.

# ਮੇਰੀ ਪੱਕੀ ਮੰਗਣੀ

"ਨਹੀਂ ਕੋਈ ਆਸ਼ਕ ਮੁਸਲਮਾਂ ਬਰਾਬਰ।
ਵੁਹ ਹੂਰੋਂ ਪਹਿ ਮਰਤਾ ਹੈ ਬੇ ਦੇਖੇ ਭਾਲੇ।"

ਉਰਦੂ ਦਾ ਇਹ ਸ਼ੇਅਰ ਮੈਂ ਸਤਾਰਾਂ-ਅਠਾਰਾਂ ਸਾਲ ਦੀ ਉਮਰ ਵਿਚ ਪੜ੍ਹਿਆ। ਪਰ ਇਸ ਦਾ ਅਹਿਸਾਸ ਗਿਆਰਾਂ ਸਾਲ ਦੀ ਉਮਰ ਵਿਚ ਹੀ ਹੋ ਗਿਆ। ਜਦ ਮੇਰੀ 'ਪੱਕੀ ਮੰਗਣੀ' ਹੋਈ। ਹਾਂ, ਪੂਰੀ ਤਰ੍ਹਾਂ ਪੱਕੀ।

"ਪੂਰਬ ਜਨਮ ਕੇ ਮਿਲੇ ਸੰਜੋਗੀ...।"

(ਮ. ੫, ਪੰਨਾ ੭੦੦)

ਹਾਂ, ਕਈ ਜਨਮਾਂ ਦੇ ਪੱਕੇ ਸੰਜੋਗ, ਅਟੁੱਟ ਰਿਸ਼ਤਾ। ਅਖੇ "ਮੇਰੀ ਤੇ ਮਾਹੀ ਦੀ ਪ੍ਰੀਤ ਅਜੋਕੀ, ਜਦ ਚੂਚਕ-ਮੂਚਕ ਨਾਹੀਂ।"

ਇਸ ਤੋਂ ਪਹਿਲਾਂ ਕੱਚੀਆਂ ਮੰਗਣੀਆਂ ਹੋਈਆਂ, ਜੋ ਕੱਚ ਦੀ ਵੰਗ ਵਾਂਗ ਟੁੱਟ ਗਈਆਂ। ਪਹਿਲੀ ਮੰਗਣੀ ਦੀ ਮੈਨੂੰ ਸੰਭਾਲ ਵੀ ਨਹੀਂ। ਲੋਕਾਂ ਨੂੰ ਵੀ ਤਾਂ ਪਤਾ ਲੱਗਾ, ਜਾਂ ਸਗਨ ਦੇ ਪਤਾਸੇ ਵੰਡੇ ਗਏ।

ਮੇਰੇ ਦੋ ਸੁਹਿਰਦ ਚਾਚਿਆਂ ਨੂੰ ਪਤਾ ਲੱਗਾ, ਤਾਂ ਉਹਨਾਂ ਦੀ ਨੀਂਦ ਹਰਾਮ ਹੋ ਗਈ। ਉਹਨਾਂ ਲੜਕੀ ਵਾਲਿਆਂ ਦੇ ਕੁਛ ਰਿਸ਼ਤੇਦਾਰਾਂ ਨੂੰ ਨਾਲ ਲੈ ਕੇ, ਉਹਨਾਂ ਦਾ ਬੂਹਾ ਜਾ ਮੱਲਿਆ। ਬੰਦੇ ਦੋਵੇਂ ਸਿਰੜ ਦੇਪੱਕੇ ਸਨ। ਉਹ ਓਥੋਂ ਓਦੋਂ ਉੱਠੇ, ਜਾਂ ਮੰਗਣੀ ਤੁੜਾ ਲਈ।

ਦੂਸਰੀ ਮੰਗਣੀ ਮੇਰੀ 'ਬਾਲ ਉਮਰ ਦੀ ਖੇਡ-ਸਹੇਲੀ' ਨਾਲ ਹੋਈ। ਜਿਵੇਂ ਧੱਕੇ ਨਾਲ ਉਹ ਮੰਗਣੀ ਹੋਈ ਸੀ, ਤੁੜਾਉਣ ਵਾਲੇ ਨੇ ਸਿਰੋਂ ਪਰੇ ਘਾਲਣਾ ਘਾਲ ਕੇ ਉਹ ਤੁੜਾਈ। ਤੇ ਉਹ ਨਿਰਦੋਸ਼? ਜਿਉਂਦੀ ਵੀ, ਤੇ ਮਰਨ ਪਿੱਛੋਂ ਵੀ 'ਜਵਾਲਾ ਮੁਖੀ' ਦੇ ਦਹਾਨੇ ਉੱਤੇ ਸੜਦੀ ਰਹੀ।*

---

*ਮੇਰਾ ਆਖ਼ਰੀ ਨਾਵਲ 'ਜਵਾਲਾਮੁਖੀ'।

ਉਸ ਤੋਂ ਪਿੱਛੋਂ ਮੇਰੇ ਵਾਸਤੇ ਦੋ ਵਾਰ 'ਸਗਨ' ਆਇਆ, ਜੋ ਮੇਰੇ ਸੁਹਿਰਦ ਬਜ਼ੁਰਗਾਂ ਨੇ ਮਨਜ਼ਲ 'ਤੇ ਪਹੁੰਚਣ ਤੋਂ ਪਹਿਲਾਂ ਹੀ, ਕਾਂਟਾ ਬਦਲ ਕੇ, ਕਿਸੇ ਹੋਰ ਅੱਡੇ 'ਤੇ ਲਾ ਦਿਤਾ।

ਫਿਰ ਵਾਰੀ ਆਈ 'ਪੱਕੀ ਮੰਗਣੀ' ਦੀ। ਵਿਚੋਲੇ ਸਨ ਇਕ ਬਜ਼ੁਰਗ ਸਾਧੂ 'ਬਾਬਾ ਧਿਆਨ ਦਾਸ' ਜੀ। ਨੱਗਰ ਭੜਾਣਾ ਜ਼ਿਲਾ ਲਾਹੌਰ, ਤੇ ਉਸ ਵਿਚੋਂ ਨਿਕਲ ਕੇ ਬੱਝਾ ਨਵਾਂ ਨੱਗਰ 'ਭੜਾਣਾ', ਤਸੀਲ ਜ਼ੀਰਾ, ਜ਼ਿਲਾ ਫ਼ੀਰੋਜ਼ਪੁਰ।

ਮੇਰੀ ਉਮਰ ਓਦੋਂ ਗਿਆਰਾਂ ਸਾਲ ਦੀ ਸੀ।

ਮੇਰੇ ਮਾਤਾ ਪਿਤਾ, ਮੇਰੀ ਜਨਮ-ਜਨਮਾਂ ਦੀ ਸਾਥਣ ਦੇ ਪਿਤਾ ਸ. ਬਾਘ ਸਿੰਘ ਜੀ ਤੇ ਬਾਬਾ ਧਿਆਨ ਦਾਸ ਜੀ ਬੈਠੇ ਸਨ। ਮੈਂ ਵੀ ਕੋਲ ਨੀਂਵੀਂ ਪਾਈ ਬੈਠਾ ਸਾਂ। ਪਰ ਮੇਰੇ ਕੰਨ ਬਜ਼ੁਰਗਾਂ ਦੀਆਂ ਗੱਲਾਂ ਵੱਲ ਲੱਗੇ ਹੋਏ ਸਨ।

ਬਾਬਾ ਧਿਆਨ ਦਾਸ ਜੀ ਨੇ ਮੇਰੇ ਮਾਤਾ ਪਿਤਾ ਜੀ ਨੂੰ ਸੰਬੋਧਨ ਕਰ ਕੇ ਕਿਹਾ, "ਮਾਤਾ ਜੀ! ਜੱਟ ਦੀਆਂ ਪੰਜ ਧੀਆਂ ਨੇ। ਸਿਰਫ ਲੜਕੀ ਹੀ ਮਿਲੇਗੀ। ਦਿਤ-ਦਾਜ ਦੀ ਆਸ ਨਾ ਰੱਖਣੀ।"

"ਬਾਬਾ ਜੀ!" ਮੇਰੇ ਮਾਤਾ ਜੀ ਨੇ ਉੱਤਰ ਦਿਤਾ, "ਮੇਰੀਆਂ ਵੀ ਪੰਜ ਧੀਆਂ ਨੇ। ਦਿੱਤ ਦਾਜ ਦੀ ਇੱਛਿਆ ਨਹੀਂ। ਪਰ ਲੜਕੀ ਸਾਡੇ ਲੜਕੇ ਵਰਗੀ ਸੋਹਣੀ ਹੋਵੇ। ਘਰ ਵਿਚ ਬੈਠੀ ਦਿਲ ਨੂੰ ਭਾਏ।"

"ਤੇ ਜੇ ਤੁਹਾਡੇ ਪੁੱਤਰ ਨਾਲੋਂ ਵੀ ਸੋਹਣੀ ਹੋਵੇ ਤਾਂ।" ਬਾਬਾ ਧਿਆਨ ਦਾਸ ਜੀ ਨੇ ਥੋੜੇ ਸ਼ਬਦਾਂ ਵਿਚ ਹੀ ਗੱਲ ਮੁਕਾ ਦਿਤੀ।

ਬੱਸ, ਮੇਰੇ ਵਾਸਤੇ ਏਨਾ ਹੀ ਕਾਫ਼ੀ ਸੀ। ਮੁਸਲਮਾਨ ਨੂੰ ਤਾਂ ਉਹ 'ਹੂਰਾਂ' ਮਰਨ ਪਿੱਛੋਂ ਹੀ ਨਹੀਂ—ਕਿਆਮਤ ਦੇ ਦਿਨ ਤੋਂ ਪਿੱਛੋਂ—ਮਿਲਨੀਆਂ ਸਨ, ਤੇ ਮੇਰੀ 'ਨਵੀਂ ਨਰੋਈ ਹੂਰ' ਮੈਨੂੰ ਸੱਤ ਸਾਲ ਪਿੱਛੋਂ ਹੀ ਮਿਲ ਗਈ। ਸੱਚਮੁੱਚ ਹੀ ਉਹ ਮੇਰੇ ਨਾਲੋਂ 'ਸੋਹਣੀ' ਸੀ। ਵੈਸੇ,

ਮੈਂ ਵੀ ਤਾਂ ਮਾੜਾ ਨਹੀਂ ਸਾਂ, ਸ਼ਾਹਬਹਿਰਾਮ ਨਾ ਸਹੀ, ਪਰ ਪੰਜਾਬ ਦੇ 'ਸੋਹਣੇ ਗਭਰੂਆਂ' ਵਿਚ ਗਿਣਿਆਂ ਜਾ ਸਕਦਾ ਸਾਂ। ਹੁਣ ਤਾਂ ਬੁਢਾਪੇ ਦੇ ਪਰਛਾਵਿਆਂ ਥੱਲੇ ਰੂਪ ਧੁੰਧਲਾ ਹੋ ਗਿਆ ਹੈ।

"ਵਾਹ ਬੁਢਾਪੇ ਅਸ਼ਕੇ ਤੇਰੇ।
ਕਿਧਰ ਲੈ ਗਿਓਂ ਸਾਥੀ ਮੇਰੇ।
ਜੋਬਨ ਮਸਤੀ ਅਹਿਲ ਜਵਾਨੀ।
ਦਿਲ ਮਸਤਾਨਾ, ਨਜ਼ਰ ਦੀਵਾਨੀ।
ਰੂਹ ਦਾ ਖੇੜਾ, ਪ੍ਰੇਮ ਤਰੰਗਾਂ,
ਗੁੰਮ ਹੋਇਆ ਸਭ ਅੰਦਰ ਤੇਰੇ।
ਕਿੱਥੇ ਮੇਰੇ ਬਿਸੀਅਰ ਕਾਲੇ।
ਹੁਸਨ ਖ਼ਜ਼ਾਨੇ ਦੇ ਰਖਵਾਲੇ।
ਫੁੱਲ ਕੁਮਲਾਏ, ਭੌਰ ਨਹੀਂ ਦਿਸਦੇ।
ਉਹ ਤਾਂ ਨਹੀਂ ਸੀ ਕਿਸੇ ਤੇ ਵਿਸਦੇ।
ਤੇਰੇ ਹੰਸਾਂ 'ਤੇ ਉਹ ਭੁੱਲ ਗਏ।
ਆਪਣਾ ਆਪ ਲੁਟਾਵਨ ਵਾਲੇ।"*

---

*ਪੂਰੀ ਕਵਿਤਾ ਪੜ੍ਹੋ 'ਵਹਿੰਦੇ ਹੰਝੂ' ਵਿਚ।

# ਭਵਿਖ-ਬਾਣੀ (ਪੇਸ਼ੀਨਗੋਈ)

ਮੈਂ ਓਦੋਂ ਅੱਠਵੀਂ ਜਮਾਤ ਵਿਚ ਪੜ੍ਹਦਾ ਸਾ। ਉਰਦੂ ਦੇ ਉਸਤਾਦ ਦੀ ਪ੍ਰੇਰਨਾ ਨਾਲ ਮੈਂ ਉਰਦੂ ਵਿਚ ਸ਼ੇਅਰ ਲਿਖਣੇ ਸ਼ੁਰੂ ਕੀਤੇ। (ਸ਼ੌਕ ਸੀ ! ਸੋ ਮੈਂ ਉਸ ਸਾਲ ਸਾਰੇ ਉਰਦੂ ਦੇ ਨਾਮਵਰ ਸ਼ਾਇਰਾਂ ਦੇ ਦੀਵਾਨ ਪੜ੍ਹੇ।) ਉਸ ਸਮੇਂ ਦੇ ਦੋ ਸ਼ੇਅਰ ਯਾਦ ਆ ਗਏ।

"ਨਾਸੇਹ ਖ਼ੁਦਾ ਕੀ ਯਾਦ ਪਹਿ ਦੇਤੇ ਹੈਂ ਜ਼ੋਰ ਜੋ,
ਤੋ ਕਿਉਂ ਨਾ ਫਿਰ ਖ਼ੁਦਾ ਹੀ ਹਮ ਉਸ ਕੋ ਕਹਾ ਕਰੇਂ।"

ਅੱਜ ਮੈਂ ਸੋਚਦਾ ਹਾਂ, ਕਿ ਇਹ ਮੇਰੀ ਅੰਤਰ ਆਤਮਾ ਬੈਠੀ ਜੀਵਨ-ਸਾਥਣ ਦਾ 'ਪਿਆਰ' ਬੋਲ ਰਿਹਾ ਸੀ। ਉਹਦਾ ਨਾਮ ਵੀ 'ਰੱਬ' ਵਰਗਾ ਹੈ। ਮੈਂ ਸਵੇਰੇ ਉਠ ਕੇ ਉੱਚੀ ਉੱਚੀ ਉਹਦਾ ਨਾਮ (ਕਰਤਾਰ-ਕਰਤਾਰ) ਲਈ ਜਾਵਾਂ, ਤਾਂ ਸੁਣਨ ਵਾਲੇ ਸੋਚਣ "ਬੜੀ ਭਗਤੀ ਕਰਦਾ ਹੈ।"

ਦੂਸਰਾ ਸ਼ੇਅਰ ਹੈ:

"ਮਰਨੇ ਕੇ ਬਾਅਦ 'ਸੀਤਲ' ਅਪਨੀ ਕਰੇਂਗੇ ਕੋਈ,
ਕਰਤੇ ਹੈਂ ਹਮ ਜਹਾਂ ਮੇਂ ਗੁਜ਼ਰੇ ਹੂਓਂ ਕੀ ਬਾਤੇਂ।"

ਮਰਾ ਹੁਣ ਤਕ ਦਾ ਆਖ਼ਰੀ ਨਾਵਲ 'ਜਵਾਲਾ ਮੁਖੀ' ਹੈ। ਉਸ ਵਿਚ ਹਜ਼ਰਤ 'ਖ਼ਿਜ਼ਰ' ਦਾ ਜ਼ਿਕਰ ਔਂਦਾ ਹੈ। ਜਿਵੇਂ ਭਾਰਤੀ ਸਾਹਿੱਤ ਵਿਚ 'ਧਨੱਤਰ ਵੈਦ' (ਧਨਵੰਤਰੀ) ਦਾ ਜ਼ਿਕਰ ਔਂਦਾ ਹੈ। ਉਹ ਵੀ ਇਕ ਕਲਪਤ ਪਾਤਰ ਹੈ। ਪੁਰਾਣਾਂ ਦੀ ਕਥਾ ਅਨੁਸਾਰ ਦੈਂਤਾਂ ਤੇ ਦੇਵਤਿਆਂ ਨੇ ਰਲ ਕੇ ਸਮੁੰਦਰ ਰਿੜਕਿਆ, ਤਾਂ ਵਿਚੋਂ 'ਧਨੱਤਰ ਵੈਦ' ਵੀ ਨਿਕਲਿਆ। ਅੱਜ ਸਾਇੰਸ ਦੇ ਯੁੱਗ ਵਿਚ ਇਹ ਮੰਨਣ ਯੋਗ ਨਹੀਂ। ਸਮੁੰਦਰ ਵਿਚੋਂ ਹੀਰੇ, ਮੋਤੀ, ਜਵਾਹਰ ਤਾਂ ਨਿਕਲ ਸਕਦੇ ਹਨ, ਪਰ ਇਨਸਾਨ ਨਹੀਂ। ਇਨਸਾਨ ਤਾਂ "ਮਾਤ-ਪਿਤਾ ਬਿਨ ਪੂਤ ਨ ਹੋਈ।"

ਏਸੇ ਤਰ੍ਹਾਂ ਹਜ਼ਰਤ 'ਖ਼ਿਜ਼ਰ' ਵੀ ਇਕ ਕਲਪਤ ਪਾਤਰ ਹੈ। ਇਸਲਾਮੀ ਰਵਾਇਤ ਅਨੁਸਾਰ ਉਹਨੇ 'ਆਬਿ ਹਯਾਤ' (ਅੰਮ੍ਰਿਤ) ਪੀ ਲਿਆ ਹੈ, ਸੋ ਉਹ ਕਦੇ ਮਰੇਗਾ ਨਹੀਂ। ਇਸ ਦਾ ਅਰਥ, ਉਹ ਮਰ ਸਕਦਾ ਹੀ ਨਹੀਂ। (ਕਿਉਂਕਿ ਉਹ ਜੰਮਿਆਂ ਹੀ ਨਹੀਂ।)

'ਜਵਾਲਾ ਮੁਖੀ' ਦਾ ਨਾਇਕ ਕਹਿੰਦਾ ਹੈ :

"ਨਹੀਂ ਖ਼ਿਜ਼ਰ ਮੈਂ ਜਿਹੜਾ ਮਰ ਨਾ ਸਕਾਂਗਾ।
ਰਹੇਗੀ ਮਗਰ ਜ਼ਿੰਦਾ ਮੇਰੀ ਕਹਾਨੀ।"

ਸਹੀ ਅਰਥਾਂ ਵਿਚ ਇਹ ਮੇਰੇ ਵੱਲੋਂ ਪੇਸ਼ੀਨਗੋਈ ਹੀ ਹੈ ਨਾਂ। ਪਰ ਹੈ ਸੁਤੇ-ਸਿੱਧ ਹੀ। ਔਣ ਵਾਲਾ ਸਮਾਂ ਜਾਣੇ, ਇਹ ਕਿੱਥੋਂ ਤਕ ਸਹੀ ਸਾਬਤ ਹੁੰਦੀ ਹੈ।

---

G. S. S. K.
25-9-95

# ਅੰਤਰਜਾਮੀ

ਪਰ 'ਅੰਤਰਜਾਮੀ' ਮੈਂ ਨਹੀਂ । ਸਾਡਾ ਛੋਟਾ ਪੁੱਤਰ 'ਡਾਕਟਰ ਰਘਬੀਰ ਸਿੰਘ ਸੀਤਲ' ਹੈ।

ਉਸ ਸਮੇਂ ਉਹ ਸਭੋ ਚਾਰ ਸਾਲ ਦਾ ਸੀ। ਸਾਡਾ ਜੱਦੀ ਪਿੰਡ 'ਕਾਦੀਵਿੰਡ' ਕਸੂਰ (ਪਾਕਿਸਤਾਨ) ਤੋਂ ਚਾਰ ਮੀਲ ਉੱਤਰ ਵੱਲ ਸੀ। ਮੇਰੇ ਬੱਚਿਆਂ ਦੇ ਨਾਨਕੇ ਨੱਗਰ 'ਭੜਾਣਾ' ਤਸੀਲ ਜ਼ੀਰਾ, ਜ਼ਿਲ੍ਹਾ ਫ਼ੀਰੋਜ਼ਪੁਰ ਵਿਚ ਹਨ। ਬਰਸਾਤਾਂ ਦਾ ਮੌਸਮ ਸੀ। ਸਰਦਾਰਨੀ ਦੇ ਵੱਡੇ ਭਾਈ ਸਾਹਿਬ ਸ. ਦਲਬੀਰ ਸਿੰਘ ਤੇ ਇਕ ਉਹਨਾਂ ਦਾ ਮਿੱਤਰ ਆਏ ਹੋਏ ਸਨ । ਰਘਬੀਰ ਸਿੰਘ ਰਿਹਾੜ ਪੈ ਗਿਆ, ਕਿ ਮੈਂ ਸਵੇਰੇ ਮਾਮਾ ਜੀ ਦੇ ਨਾਲ ਜਾਣਾ ਹੈ।

ਸਵੇਰੇ ਜ਼ਰਾ ਸਵਖਤੇ ਹੀ ਦਲਬੀਰ ਸਿੰਘ ਹੋਰੀਂ ਤਿਆਰ ਹੋ ਪਏ। ਅਸਾਂ ਰਘਬੀਰ ਨੂੰ ਉਠਾਇਆ। 'ਉੱਠ ਭਈ, ਤੇਰੇ ਮਾਮਾ ਜੀ ਚੱਲੇ ਈ।'

ਉਹ ਅੱਖਾਂ ਮਲਦਾ ਮਲਦਾ ਉਠਿਆ। "ਕਿਉਂ ਭਈ ! ਜਾਣਾ ਈਂ ?" ਅਸਾਂ ਐਵੇਂ ਹਾਸੇ ਨਾਲ ਪੁੱਛਿਆ।

"ਨਹੀਂ।" ਉਹਨੇ ਸਿਰ ਫੇਰਦਿਆਂ ਕਿਹਾ।

ਫਿਰ ਉਹਨੇ ਦਲਬੀਰ ਸਿੰਘ ਦਾ ਹੱਥ ਫੜਕੇ ਕਿਹਾ, "ਮਾਮਾ ਜੀ ! ਤੁਸੀਂ ਵੀ ਨਾ ਜਾਉ। ਫ਼ੀਰੋਜ਼ਪੁਰ ਕੋਲ ਦਰਿਆ ਦਾ ਬੰਨ੍ਹ ਟੁੱਟ ਗਿਆ ਏ। ਤੇ ਸਾਰੇ ਪਾਣੀ ਹੀ ਪਾਣੀ ਫਿਰ ਰਿਹਾ ਏ।"

ਮੈਂ ਹੱਸ ਕੇ ਕਿਹਾ, "ਲੈ ਭਈ ਦਲਬੀਰ ਸਿਹਾਂ ! ਹੁਣ ਤਾਂ ਤੇਰਾ ਭਣੇਵਾਂ ਅੰਤਰਜਾਮੀ ਹੋ ਗਿਆ ਏ।"

"ਆਪਾਂ ਰੇਲ ਰਾਹੀਂ ਚੱਲ ਫਿਰਾਂਗੇ ।" ਦਲਬੀਰ ਸਿੰਘ ਨੇ ਸੁਝਾਉ ਦਿਤਾ।

"ਊਂਹ ! ਰੇਲ ਦੀ ਪਟੜੀ ਹੀ ਰੁੜ੍ਹ ਗਈ ਏ, ਤਾਂ ਰੇਲ ਕਿਥੋਂ ਦੀ ਲੰਘੇਗੀ।"

"ਆਪਾਂ ਮੋਟਰ 'ਤੇ ਚਲੇ ਚੱਲਾਂਗੇ।"

"ਸੜਕ ਉੱਤੇ ਬੰਦੇ ਬੰਦੇ ਜਿੰਨਾ ਪਾਣੀ ਫਿਰ ਰਿਹਾ ਏ। ਔਹ ਵਖੋ, ਸਭ ਕੁਛ ਰੁੜ੍ਹ ਕੇ ਨਹਿਰ ਵਿਚ ਪੈ ਰਿਹਾ ਏ।" ਰਘਬੀਰ ਇਸ ਭਰੋਸੇ ਨਾਲ ਕਹਿ ਰਿਹਾ ਸੀ, ਜਿਵੇਂ ਸਭ ਕੁਛ ਉਹਨੂੰ ਸਾਫ਼ ਨਜ਼ਰ ਆ ਰਿਹਾ ਹੋਵੇ।

ਖ਼ੈਰ! ਅੰਞਾਣੇ ਦੀ ਗੱਲ ਹਾਸੇ ਵਿਚ ਪੈ ਗਈ। ਉਹ ਦੋਵੇਂ ਤੁਰ ਗਏ।

ਦਿਨ ਦੇ ਗਿਆਰਾਂ-ਕੁ ਵਜੇ ਕਸੂਰੋਂ ਔਣ ਵਾਲਿਆਂ ਆਦਮੀਆਂ ਤੋਂ ਪਤਾ ਲੱਗਾ, ਕਿ ਤੜਕੇ ਤਿੰਨ ਵਜੇ ਫ਼ੀਰੋਜ਼ਪੁਰ ਕੋਲੋਂ ਦਰਿਆ ਦਾ ਬੰਨ੍ਹ ਟੁੱਟਾ ਸੀ। ਰੇਲ ਦੀ ਪਟੜੀ ਰੁਹੜਕੇ ਤੇ ਸੜਕ ਤੋੜਕੇ ਪਾਣੀ ਬੀਕਾਨੇਰ ਵਾਲੀ ਨਹਿਰ ਵਿਚ ਪੈ ਰਿਹਾ ਸੀ। ਫ਼ੀਰੋਜ਼ਪੁਰ ਸ਼ਹਿਰ ਦਾ ਬਹੁਤ ਸਾਰਾ ਹਿੱਸਾ ਪਾਣੀ ਵਿਚ ਡੁੱਬ ਗਿਆ ਸੀ।

ਦਲਬੀਰ ਸਿੰਘ ਹੋਰੀਂ ਬੀਕਾਨੇਰ ਵਾਲੀ ਨਹਿਰੇ ਪੈ ਕੇ ਅਗਲੇ ਪੁਲ ਤੋਂ ਪਾਰ ਕਰ ਕੇ ਲੱਕ ਲੱਕ ਜਿੰਨੇ ਪਾਣੀ ਵਿਚ ਦੀ ਲੰਘ ਕੇ ਪਿੰਡ ਪਹੁੰਚੇ।

ਏਹਾ ਗੱਲ ਕਿਸੇ ਸਿੱਕੇ-ਬੰਦ ਭੇਖਧਾਰੀ ਨੇ ਕਹੀ ਹੁੰਦੀ, ਤਾਂ ਉਹ ਸਾਰੀ ਉਮਰ 'ਅੰਤਰਜਾਮੀ' ਸਮਝ ਕੇ ਪੂਜਿਆ ਜਾਂਦਾ।

ਮੈਂ ਕਈ ਵਾਰ ਸੋਚਿਆ ਕਰਦਾ ਹਾਂ, ਕਿ 'ਆਤਮਾ' 'ਪਰਮਾਤਮਾ' ਦੀ 'ਅੰਸ' ਹੈ। ਵਾਇਰਲੈਸ ਵਾਂਗ ਕਿਤੇ ਕੁਦਰਤੀ ਦੋਹਾਂ ਦਾ ਮੇਲ ਹੋ ਜਾਵੇ, (ਵੇਵਜ਼ ਜੁੜ ਜਾਣ) ਤਾਂ ਮਨੁੱਖ ਵੀ ਓਨੇ ਸਮੇਂ ਵਾਸਤੇ 'ਅੰਤਰ-ਜਾਮੀ' ਬਣ ਜਾਂਦਾ ਹੈ।

——

# ਮੇਰੇ ਇਨਾਮ ਤੇ ਸਨਮਾਨ

ਅੱਠਵੀਂ ਜਮਾਤ ਵਿਚ ਮੈਂ ਉਰਦੂ ਸਾਹਿੱਤ ਬਹੁਤ ਪੜ੍ਹਿਆ। ਜਿੰਨੇ ਵੀ ਨਾਮਵਰ ਸ਼ਾਇਰ ਹੋ ਚੁੱਕੇ ਸਨ, ਮੈਂ ਸਭ ਦੇ ਦੀਵਾਨ ਪੜ੍ਹੇ। ਜਿੱਥੇ 'ਮੀਰ' ਤੇ 'ਦਰਦ' ਬੜੀ ਸਾਦਾ ਬੋਲੀ ਲਿਖਦੇ ਹਨ, ਓਥੇ 'ਗ਼ਾਲਿਬ' ਦੀ ਭਾਸ਼ਾ ਬਹੁਤ ਕਠਨ ਹੈ।

ਉਸ ਸਾਲ 'ਪੰਜਾਬ ਯੂਨੀਵਰਸਿਟੀ' ਨੇ ਮੁਕਾਬਲੇ 'ਤੇ ਲੇਖ (ਮਜ਼ਮੂਨ) ਲਿਖਵਾਏ! ਦਸਵੀਂ ਜਮਾਤ ਤਕ ਦੇ ਵਿਦਿਆਰਥੀ ਭਾਗ ਲੈ ਸਕਦੇ ਸਨ। ਮੇਰੇ ਉਸਤਾਦ ਨੇ ਜ਼ੋਰ ਦਿਤਾ, ਕਿ ਮੈਂ ਉਸ ਮੁਕਾਬਲੇ ਵਿਚ ਹਿੱਸਾ ਲਵਾਂ। ਮੈਂ ਬੇਨਤੀ ਕੀਤੀ, ਕਿ ਮੈਂ ਲੇਖ ਲਿਖ ਕੇ ਭੇਜ ਦੇਂਦਾ ਹਾਂ, ਪਰ ਆਪ ਜੀ ਨੂੰ ਵਿਖਾਏ ਬਗ਼ੈਰ।

"ਕਿਉਂ ?" ਉਸਤਾਦ ਨੇ ਥੋੜਾ ਥੋੜਾ ਮੁਸਕਰਾਉਂਦਿਆਂ ਕਿਹਾ।

"ਆਪ ਮੇਰੇ ਉਸਤਾਦ ਹੋ, ਵਿੱਦਵਾਨ ਹੋ। ਆਪ ਮੇਰੀ ਲਿਖਤ ਵਿਚ ਸੋਧ-ਸੁਧਾਈ ਕਰੋਗੇ। ਫਿਰ ਇਨਾਮ ਦੇ ਹੱਕਦਾਰ ਆਪ ਹੋਏ, ਜਾਂ ਮੈਂ।"

ਉਹਨਾਂ ਹੱਸ ਕੇ ਕਿਹਾ "ਤੇਰੀ ਮਰਜ਼ੀ। ਪਰ ਤੂੰ ਮਜ਼ਮੂਨ ਲਿਖ ਕੇ ਜ਼ਰੂਰ ਭੇਜ।"

ਮੈਂ ਲਿਖਿਆ, ਤੇ ਭੇਜ ਦਿਤਾ। ਯੂਨੀਵਰਸਿਟੀ ਦੇ ਲਿਖੇ ਅਨੁਸਾਰ, ਮਜ਼ਮੂਨ 'ਤੰਦਰੁਸਤੀ' (ਅਰੋਗਤਾ) ਬਾਰੇ ਸੀ।

ਗੁਰੂ ਦੀ ਕਿਰਪਾ, ਮੈਨੂੰ ਪਹਿਲਾ ਇਨਾਮ ਆ ਗਿਆ : ਇਕ 'ਵੈਸਟ-ਐਂਡ' ਕੰਪਨੀ ਦੀ ਜੇਬੀ ਘੜੀ। ਕੀਮਤ ਇਨਾਮ ਦੀ ਰਕਮ ਜਾਂ ਚੀਜ਼ ਦੀ ਨਹੀਂ, 'ਪਹਿਲੇ ਦਰਜੇ' ਦੀ ਸੀ।

ਅਗਲੇ ਸਾਲ ਫਿਰ ਯੂਨੀਵਰਸਿਟੀ ਵੱਲੋਂ ਕਿਸੇ ਹੋਰ ਮਜ਼ਮੂਨ ਉਤੇ ਮੁਕਾਬਲਾ ਕਰਾਇਆ ਗਿਆ। ਉਸਤਾਦ ਸਾਹਿਬ ਨੇ ਬੜਾ ਜ਼ੋਰ ਦਿਤਾ, ਕਿ ਮੈਂ ਫਿਰ ਮਜ਼ਮੂਨ ਲਿਖ ਕੇ ਭੇਜਾਂ, ਪਰ ਮੈਂ ਨਾ ਮੰਨਿਆਂ।

ਉਹਨਾਂ ਮੇਰਾ ਹੌਸਲਾ ਵਧਾਉਂਦਿਆਂ ਕਿਹਾ, "ਘਬਰਾਂ ਨਾ। ਤੂੰ ਇਸ ਸਾਲ ਵੀ ਪਹਿਲਾ ਇਨਾਮ ਲੈ ਜਾਇਗਾ।"

"ਮੌਲਵੀ ਜੀ!" ਉਰਦੂ ਦੇ ਉਸਤਾਦ ਫ਼ਕੀਰ ਹੁਸੈਨ ਜੀ ਨੂੰ ਸਾਰੇ ਏਸੇ ਤਰ੍ਹਾਂ ਪੁਕਾਰਿਆ ਕਰਦੇ ਸਨ। "ਆਪ ਜੀ ਦੀ ਕਿਰਪਾ ਨਾਲ ਜੇ ਮੈਂ ਪਹਿਲਾ ਇਨਾਮ ਲੈ ਗਿਆ, ਤਾਂ ਇਕ ਹੋਰ ਵਿਦਿਆਰਥੀ ਦਾ ਹੱਕ ਮਾਰਾਂਗਾ। ਮੈਂ ਮੁਕਾਬਲੇ ਵਿਚ ਨਹੀਂ ਹੋਵਾਂਗਾ, ਤਾਂ ਦੂਸਰੇ ਦਰਜੇ 'ਤੇ ਔਣ ਵਾਲਾ ਆਪਣੇ ਆਪ ਪਹਿਲੇ ਦਰਜੇ 'ਤੇ ਆ ਜਾਵੇਗਾ। ਪਰ ਜੇ ਮੈਂ ਦੂਸਰੇ, ਜਾਂ ਤੀਸਰੇ ਦਰਜੇ 'ਤੇ ਆ ਗਿਆ, ਤਾਂ ਮੇਰੀ ਪਦਵੀ ਘਟ ਜਾਵੇਗੀ।"

ਮੇਰੀ ਨਿੱਜੀ ਰਾਏ ਹੈ, ਕਿ ਇਕ ਵਾਰ ਪਹਿਲਾ ਇਨਾਮ ਜਿੱਤਣ ਵਾਲੇ ਨੂੰ ਫੇਰ ਕਦੇ ਮੁਕਾਬਲੇ ਵਿਚ ਨਹੀਂ ਔਣਾ ਚਾਹੀਦਾ।

ਅੱਠਵੀਂ ਵਿਚ ਪੜ੍ਹਦਿਆਂ ਸਭ ਤੋਂ ਉੱਤਮ ਤੇ ਉਮਰ ਭਰ ਦਾ ਸੁਹੰਢਣਾ ਇਨਾਮ ਮਿਲਿਆ, ਕਿ ੧੯੮੪ ਬਿ. ਭਾਦਰੋਂ ਦੀ ਪੂਰਨਮਾਸ਼ੀ (੧੦ ਸਤੰਬਰ, ੧੯੨੭ ਈ.) ਨੂੰ ਸਾਡਾ ਵਿਆਹ ਹੋ ਗਿਆ। ਪਰ ਜੀਵਨ-ਸਾਥਣ ਦੇ ਦੀਦਾਰ ਅੱਠਵੀਂ ਦੇ ਇਮਿਤਿਹਾਨ ਪਿੱਛੋਂ ਮੁਕਲਾਵੇ ਵਾਰੀ ਹੀ ਹੋਏ। (ਉਸ ਸਮੇਂ ਦੀ ਸੱਭਯਤਾ)

ਫਿਰ ਵੇਦਾਂ-ਸ਼ਾਸਤਰਾਂ ਅਨੁਸਾਰ ਦੁਰਲੱਭ ਇਨਾਮ ਪੁੱਤਰ ਬਿਨਾਂ ਗਤੀ ਨਹੀਂ—। ਗੁਰੂ ਮਹਾਰਾਜ ਵੀ ਫੁਰਮਾਉਂਦੇ ਸਨ, "ਪੁਤੀ ਗੰਢੁ ਪਵੈ ਸੰਸਾਰਿ...।"

੨੭ ਦਸੰਬਰ, ੧੯੨੯ ਈ. ਨੂੰ ਦੋ ਘੜੀ ਦੇ ਤੜਕੇ ਸਾਡੇ ਘਰ ਰਵਿੰਦਰ ਸਿੰਘ ਦਾ ਜਨਮ ਹੋਇਆ। ਸਾਡੇ ਦੋਹਾਂ ਨਾਲੋਂ, ਮੇਰੇ ਮਾਤਾ ਪਿਤਾ ਨੂੰ ਵਧੇਰੇ ਖ਼ੁਸ਼ੀ ਹੋਈ। ਉਹਨਾਂ ਦੇ ਝੁਰੜੀਆਂ ਭਰਿਆਂ ਚੇਹਰਿਆਂ ਉਤੇ ਸੱਗਵੀਂ ਲਾਲੀ ਆ ਗਈ।

ਪੁੱਤਰ ਦੇ ਪਹਿਲੇ ਦੀਦਾਰ ਬਾਰੇ, ਪਿੱਛੋਂ ਮੈਂ ਕਵਿਤਾ ਲਿਖੀ; 'ਬੱਚੇ ਨੂੰ'।

"ਓ, ਮੇਰੇ ਨੈਣਾਂ ਦੇ ਤਾਰੇ।...।"

੧੯੩੦ ਈ. ਵਿਚ ਮੈਂ ਸਾਇੰਸ ਤੇ ਪੰਜਾਬੀ ਨਾਲ ਦਸਵੀਂ ਪਾਸ ਕੀਤੀ। ਨਾ ਸੱਚ ! ਐਮ. ਐਸ. ਐਲ. ਸੀ. (M. S. L. C.) ਦੀ ਡਿਗਰੀ। ਫ਼ਸਟ ਡਵੀਜ਼ਨ ਵਿਚ ਪਾਸ ਹੋ ਕੇ ਵੀ ਮੈਨੂੰ ਬਹੁਤੀ ਖ਼ੁਸ਼ੀ ਨਾ ਹੋਈ। ਘਰ ਦੇ ਹਾਲਾਤ ਬਾਰੇ ਮੈਂ ਜਾਣਦਾ ਸਾਂ, ਕਿ ਮੈਂ ਪੜ੍ਹਨ ਵਾਸਤੇ ਕਾਲਜ ਵਿਚ ਨਹੀਂ ਜਾ ਸੱਕਾਂਗਾ। ਪਰ ਹੁਣ ਮੈਨੂੰ ਕੋਈ ਅਫ਼ਸੋਸ ਨਹੀਂ। ਮੈਂ ਕਾਲਜ ਵਿਚ ਪੜ੍ਹਨ ਵਾਸਤੇ ਨਹੀਂ ਜਾ ਸਕਿਆ, ਪਰ ਹੁਣ ਕਈ ਵਾਰ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਲੈਕਚਰ ਦੇਣ ਵਾਸਤੇ ਜਾਣਾ ਪੈਂਦਾ ਹੈ।

ਮੇਰਾ ਤਜਰਬਾ ਹੈ, ਕਿ ਸਕੂਲਾਂ ਕਾਲਜਾਂ ਵਿਚ ਤਾਂ ਪੜ੍ਹਨ ਦੀ ਜਾਚ ਸਿਖਾਈ ਜਾਂਦੀ ਹੈ। ਪੜ੍ਹਨਾ ਤਾਂ ਪਿੱਛੋਂ ਆਪ ਪੈਂਦਾ ਹੈ।

ਮੈਂ ਤਾਂ ਆਪਣੇ ਇਨਾਮਾਂ ਦੀ ਗੱਲ ਕਰ ਰਿਹਾ ਸਾਂ।

੧੯੬੦ ਈ. ਵਿਚ ਮੈਂ ਆਪਣੇ ਢਾਡੀ ਜਥੇ ਸਮੇਤ ਬਰਮਾ, ਥਾਈਲੈਂਡ, ਮਲਾਇਆ, ਸਿੰਘਾਪੁਰ ਦਾ ਚੱਕਰ ਲਾ ਕੇ ਆਇਆ। ਉਹਨਾਂ ਮੁਲ਼ਕਾਂ ਵਿਚ ਭਾਰਤੀਆਂ ਦੇ ਰਹਿਣ-ਸਹਿਣ ਬਾਰੇ ਮੈਂ ਨਾਵਲ ਲਿਖਿਆ 'ਕਾਲੇ ਪਰਛਾਂਵੇਂ'। ਸ. ਜੀਵਨ ਸਿੰਘ (ਮਾਲਕ ਲਾਹੌਰ ਬੁਕ ਸ਼ਾਪ) ਦੇ ਕਹਿਣ ਅਨੁਸਾਰ ਉਹ ਮੈਂ 'ਭਾਸ਼ਾ ਵਿਭਾਗ ਪੰਜਾਬ' ਕੋਲ ਮੁਕਾਬਲੇ ਵਿਚ ਪੇਸ਼ ਕਰ ਦਿਤਾ। ਉਸ ਉਤੇ ਫ਼ਰਵਰੀ, ੧੯੬੨ ਈ. ਵਿਚ ਪਹਿਲਾ ਇਨਾਮ ਮਿਲਿਆ।

ਗੌਰਮਿੰਟ ਆਫ਼ ਇੰਡੀਆ ਦੀ ਐਜੂਕੇਸ਼ਨ ਮਨਿਸਟਰੀ 'ਨੀਊ ਲਿਟਰੇਟ' (ਬਾਲਗਾਂ) ਵਾਸਤੇ ਲਿਖੇ ਸਾਹਿੱਤ ਉਤੇ ਇਨਾਮ ਦੇਂਦੀ ਹੈ। ਉਸ ਵਿਚ ਪਹਿਲਾ, ਦੂਸਰਾ ਦਰਜਾ ਨਹੀਂ ਹੁੰਦਾ। ਇਕ ਭਾਸ਼ਾ ਵਿਚ ਇਕੋ ਪੁਸਤਕ ਨੂੰ ਇਨਾਮ ਮਿਲਦਾ ਹੈ। ਤੇ ਇਕ ਲੇਖਕ ਤਿੰਨ ਵਾਰ ਇਨਾਮ ਲੈ ਸਕਦਾ ਹੈ। ਮੇਰੇ ਉਹ ਤਿੰਨੇ ਇਨਾਮ ਪੂਰੇ ਹੋ ਚੁੱਕੇ ਹਨ।

੧. 'ਸੁਰਗ ਸਵੇਰਾ' ਨੂੰ ੨੯ ਜੂਨ, ੧੯੬੨ ਈ.।

੨. 'ਹਿਮਾਲੀਆ ਦੇ ਰਾਖੇ' ਨੂੰ ੨੮ ਅਗਸਤ, ੧੯੬੪ ਈ.।

੩. 'ਸਭੇ ਸਾਂਝੀਵਾਲ ਸਦਾਇਨ' ਨੂੰ ੧੯੬੬ ਈ. ਵਿਚ।

ਸਭ ਤੋਂ ਉੱਚਾ ਐਵਾਰਡ (ਸਨਮਾਨ) ਸਰਕਾਰ ਹਿੰਦ ਦੀ "ਸਾਹਿੱਤ ਅਕਾਡਮੀ' ਦਾ, ੧੯੭੪ ਈ. ਵਿਚ ਮੇਰੇ ਨਾਵਲ 'ਜੁੱਗ ਬਦਲ ਗਿਆ' ਨੂੰ ਮਿਲਿਆ। ਉਹਨਾਂ ਲੋਕਾਂ ਨੂੰ ਬੜੀ ਹੈਰਾਨੀ ਹੋਈ, ਜੋ ਮੈਨੂੰ ਸਫਲ ਢਾਡੀ ਤਾਂ ਮੰਨਦੇ ਸਨ, ਪਰ 'ਨਾਵਲਕਾਰ' ਮੰਨਣ ਨੂੰ ਤਿਆਰ ਨਹੀਂ ਸਨ।

ਬਿਆਸੀ-ਤਿਰਾਸੀ ਦੇ ਸਾਲ ਵਿਚ 'ਭਾਸ਼ਾ ਵਿਭਾਗ ਪੰਜਾਬ' ਨੇ ਇਕ ਹੋਰ ਸ਼ਰੇਣੀ (ਰਾਗੀ-ਢਾਡੀ) ਨੂੰ ਵੀ ਸਨਮਾਨ ਦੇ ਹੱਕਦਾਰ ਮੰਨ ਲਿਆ। ਤੇ ਆਰੰਭ ਕੀਤਾ ਮੇਰੇ ਤੋਂ। ੨੭ ਮਾਰਚ, ੧੯੮੩ ਈ. ਨੂੰ ਚੰਦੀਗੜ੍ਹ, ਵਿਚ ਮੈਨੂੰ ਸਨਮਾਨਤ ਕੀਤਾ ਗਿਆ। ਮਹਿਕਮੇ ਨੇ ਮੇਰੇ ਦੋ ਸਨਮਾਨ ਇਕੱਠੇ ਕਰ ਦਿਤੇ : 'ਸ਼੍ਰੋਮਣੀ ਢਾਡੀ' ਤੇ 'ਸ਼੍ਰੋਮਣੀ ਸਾਹਿੱਤਕਾਰ'।

'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਵੱਲੋਂ ਵੀ 'ਸ਼੍ਰੋਮਣੀ ਢਾਡੀ' ਵਜੋਂ ਸਨਮਾਨ ਮਿਲਿਆ।

ਪਰ ਸਭ ਨਾਲੋਂ ਕੀਮਤੀ ਸਨਮਾਨ ਸੀ ਇਕ ਫ਼ੌਜੀ ਸ਼ਰਧਾਲੂ ਦੀ ਚਿੱਠੀ।

੧੯੬੨ ਈ. ਵਿਚ ਮੈਂ 'ਨਿਊਰੈਲਜੀਏ' (ਅੱਧੇ ਸਿਰ ਦੀ ਪੀੜ) ਨਾਲ ਬੀਮਾਰ ਸਾਂ*। (ਸਾਡੇ ਪੁਰਾਣ, ਪੁਰਾਤਨ ਰਿਸ਼ੀਆਂ ਦੇ ਸਰਾਪਾਂ ਨਾਲ ਭਰੇ ਪਏ ਹਨ। ਜੇ ਮੈਂ ਕ੍ਰੋਧ ਵਿਚ ਆ ਕੇ ਕਿਸੇ ਨੂੰ ਸਰਾਪ ਵੀ ਦੇਣਾ ਹੋਵੇ, ਤਾਂ ਇਹ ਸਰਾਪ ਨਹੀਂ ਦਿਆਂਗਾ)। ਪਰਮਾਤਮਾ ਕਿਸੇ ਨੂੰ ਅਜੇਹੀ ਤਕਲੀਫ਼ ਨਾ ਦੇਵੇ। ਉਸ ਕਾਰਨ ਮੈਨੂੰ ਢਾਡੀ ਜਥੇ ਦੇ ਕਈ ਪ੍ਰੋਗਰਾਮ ਛੱਡਣੇ ਪਏ। ਬਹੁਤ ਸਾਰੇ ਥਾਂਈਂ ਮੇਰੀ ਬੀਮਾਰੀ ਦੀ ਖ਼ਬਰ ਪਹੁੰਚ ਗਈ। ਡਾਕ ਰਾਹੀਂ ਇਕ ਫ਼ੌਜੀ ਸਿੰਘ ਦੀ ਚਿੱਠੀ ਆਈ। ਉਸ ਦਾ ਭਾਵ ਸੀ : "ਤੁਸਾਂ ਸ਼ੇਰੇ ਪੰਜਾਬ ਦੇ ਜੀਵਨ ਵਿਚ ਲਿਖਿਆ

*ਵਧੇਰੇ ਵੇਰਵਾ 'ਮੇਰੀਆਂ ਬੀਮਾਰੀਆਂ' ਸਿਰਲੇਖ ਹੇਠ ਆਵੇਗਾ।

ਹੈ, 'ਵਣੀ ਕੇ ਨੱਗਰ ਵਿਚ ਮਹਾਰਾਜਾ ਰਣਜੀਤ ਸਿੰਘ ਬੀਮਾਰ ਹੋ ਗਿਆ ਸੀ। ਹਕੀਮਾਂ ਨੇ ਜ਼ਿੰਦਗੀ ਦੀ ਆਸ ਲਾਹ ਦਿਤੀ ਸੀ। ਸ. ਨਿਹਾਲ ਸਿੰਘ ਅਟਾਰੀ (ਸ. ਸ਼ਾਮ ਸਿੰਘ ਦੇ ਪਿਤਾ) ਨੇ ਸੱਚੇ ਦਿਲੋਂ ਅਰਦਾਸ ਕੀਤੀ, ਕਿ "ਸੱਚੇ ਪਾਤਸ਼ਾਹ! ਮਹਾਰਾਜੇ ਦੀ ਬੀਮਾਰੀ ਮੈਨੂੰ ਲੱਗ ਜਾਏ, ਤੇ ਮੇਰੀ ਜ਼ਿੰਦਗੀ ਮਹਾਰਾਜੇ ਨੂੰ ਮਿਲ ਜਾਏ।"

'ਸ. ਨਿਹਾਲ ਸਿੰਘ ਅਟਾਰੀ ਆ ਕੇ ਪਲੰਘ 'ਤੇ ਲੇਟ ਗਿਆ। ਅਰਦਾਸ ਪਰਵਾਨ ਹੋਈ। ਜਿਸ ਦਿਨ ਸ. ਨਿਹਾਲ ਸਿੰਘ ਦੀ ਅਰਥੀ ਉੱਠੀ, ਓਸੇ ਦਿਨ ਮਹਾਰਾਜੇ ਨੇ ਅਰੋਗਤਾ ਦਾ ਇਸ਼ਨਾਨ ਕੀਤਾ।'

ਉਸ ਫ਼ੌਜੀ ਸਿੰਘ ਨੇ ਲਿਖਿਆ, "ਮੇਰੀ ਅਰਦਾਸ ਹੈ, ਕਿ ਤੁਹਾਡੀ ਬੀਮਾਰੀ ਮੈਨੂੰ ਲੱਗ ਜਾਏ, ਤੇ ਆਪ ਅਰੋਗ ਹੋ ਕੇ ਸੰਗਤਾਂ ਦੀ ਸੇਵਾ ਕਰਦੇ ਰਹੋ"।

ਉਸ ਜਵਾਨ ਨਾਲ ਮੇਰੀ ਕੋਈ ਉਚੇਚੀ ਸਾਂਝ ਨਹੀਂ ਸੀ। ਨਾ ਹੀ ਉਸ ਨੂੰ ਕੋਈ ਮੇਰੇ ਨਾਲ ਗ਼ਰਜ਼ ਸੀ। ਕੀ ਇਸ ਸਤਕਾਰ ਜਾਂ ਕੁਰਬਾਨੀ ਦੀ ਕੋਈ ਕੀਮਤ ਪਾਈ ਜਾ ਸਕਦੀ ਹੈ? ਜਾਂ ਇਸ 'ਸਨਮਾਨ' ਦੇ ਬਰਾਬਰ ਕੋਈ ਹੋਰ 'ਸਨਮਾਨ' ਪੁੱਜ ਸਕਦਾ ਹੈ?

ਉਸ ਸੱਜਣ ਨੂੰ ਮੈਂ ਪਿਆਰ ਸਤਕਾਰ ਦੀ ਚਿੱਠੀ ਲਿਖੀ, ਤੇ ਨਾਲ ਹੀ ਮਨ ਦੀ ਕਹਿ ਦਿਤੀ, "ਮੈਂ ਆਪਣੇ ਦੁੱਖ ਕਿਸੇ ਨੂੰ ਨਹੀਂ ਦੇ ਸਕਦਾ। ਇਹ ਵੀ ਉਸ ਦਾਤੇ ਦੀ ਬਖ਼ਸ਼ਸ਼ ਹੈ।

"ਇਹਿ ਭਿ ਦਾਤਿ ਤੇਰੀ ਦਾਤਾਰ।"

—

G. S. S. K.
੨੩-9-1995

# ਜ਼ਿੰਦਗੀ ਦਾ ਸਭ ਤੋਂ ਮਾਤਮੀ ਦਿਨ

ਮੇਰੇ ਪਿਤਾ ਜੀ (ਸ. ਖ਼ੁਸ਼ਹਾਲ ਸਿੰਘ ਜੀ) ਸੋਮਵਾਰ, ਅੱਠ ਭਾਦਰੋਂ, ੧੯੯੮ ਬਿ. (੨੪ ਅਗਸਤ, ੧੯੩੧ ਈ.) ਨੂੰ ਪਹਿਰ ਦੇ ਤੜਕੇ ਸੁਰਗਵਾਸ ਹੋ ਗਏ। ਉਸ ਵੇਲੇ ਉਹਨਾਂ ਦੀ ਉਮਰ ਲਗਭਗ ਪੰਝੱਤਰ ਸਾਲ ਦੀ ਸੀ।

ਜ਼ਿੰਦਗੀ ਦੇ ਆਖ਼ਰੀ ਵੀਹ-ਕੁ ਦਿਨ ਉਹਨਾਂ ਮੰਜੇ 'ਤੇ ਹੀ ਗੁਜ਼ਾਰੇ। ਪਰ ਉਹਨਾਂ ਦੀ ਸੁਰਤ ਉਸ ਵੇਲੇ ਵੀ 'ਕੰਮ' ਵਿਚ ਹੀ ਸੀ। ਇਕ ਦਿਨ ਕਹਿਣ ਲੱਗੇ, "ਇਕ ਵਾਰ ਪੁੱਤਰ ਨੂੰ ਖਾਲ ਖਾਲ ਕੇ ਦੇ ਜਾਂਦਾ, ਤਾਂ ਚੰਗਾ ਸੀ। ਪਰ ਵਾਹਵਾ! ਹੁਣ ਉਹਨੂੰ ਸਿਰ ਪਈਆਂ ਨਿਭਾਉਣੀਆਂ ਹੀ ਪੈਣਗੀਆਂ।"

ਸ਼ੁੱਕਰਵਾਰ, ੩੦ ਸਾਵਣ, ੧੯੯੮ ਬਿ. (੧੪ ਅਗਸਤ, ੧੯੩੧ ਈ.) ਨੂੰ ਸਾਡੇ ਘਰ ਦੂਸਰੇ ਲੜਕੇ ਸੁਰਜੀਤ ਸਿੰਘ ਦਾ ਜਨਮ ਹੋਇਆ। ਰਾਤ ਅਜੇ ਥੋੜ੍ਹੀ ਹੀ ਗਈ ਸੀ। ਮੇਰੇ ਮਾਤਾ ਜੀ ਨੇ, ਮੇਰੇ ਪਿਤਾ ਜੀ ਨੂੰ ਜ਼ਰਾ-ਕੁ ਹਿਲਾ ਕੇ ਕਿਹਾ, "ਜੀ! ਵਧਾਇਓਂ! ਗੁਰੂ ਮਹਾਰਾਜ ਦੀ ਕਿਰਪਾ! ਗੁਰੂ ਮਹਾਰਾਜ ਨੇ ਜੋੜੀ ਰਲਾਈ ਏ। ਪੋਤਰਾ ਹੋਇਆ ਜੇ।"

"ਹੱਛਾ!" ਮੇਰੇ ਪਿਤਾ ਜੀ ਦੇ ਝੁਰੜੀਆਂ ਭਰੇ ਚਿਹਰੇ 'ਤੇ ਰੌਣਕ ਆ ਗਈ। ਉਹਨਾਂ ਦੋਵੇਂ ਹੱਥ ਜੋੜ ਕੇ ਅਰਦਾਸ ਕੀਤੀ, "ਗੁਰੂ ਮਹਾਰਾਜ! ਬਖ਼ਸ਼ੇ ਨੇ, ਤਾਂ ਜਿਉਣੇ-ਜਾਗਣੇ ਹੋਣ। ਸਭ ਤੇਰੀ ਕਿਰਪਾ ਏ।"

ਕੁਛ ਚਿਰ ਪਿੱਛੋਂ ਮੇਰੇ ਮਾਤਾ ਜੀ ਦਾ ਹੱਥ ਫੜ ਕੇ ਕਹਿਣ ਲੱਗੇ "ਕਿਸੇ ਦਿਨ ਇਸ ਘਰ ਵਿਚ ਬੰਦਿਆਂ ਦੀ ਗਹਿਮਾ-ਗਹਿਮ ਹੋਵੇਗੀ, ਪਰ ਆਪਾਂ ਨਹੀਂ ਹੋਵਾਂਗੇ। ਵਾਹਵਾ!"

ਮੇਰੇ ਮਾਤਾ ਜੀ ਦੇ ਚਿਹਰੇ 'ਤੇ ਕਦੇ ਖ਼ੁਸ਼ੀ ਝਲਕਦੀ ਸੀ, ਤੇ

ਕਦੇ ਉਦਾਸੀ। ਪਿਤਾ ਜੀ ਦੇ ਨਵੇਂ ਨਰੋਏ ਉਠਣ ਦੀ ਕੋਈ ਆਸ ਨਹੀਂ ਸੀ।

ਕੁਛ ਸਮੇਂ ਪਿੱਛੋਂ ਉਹ ਫਿਰ ਬੋਲੇ, "ਨੈਣੋ ਦੀ ਮਾਂ!"

ਮੇਰੀ ਸਭ ਤੋਂ ਵੱਡੀ ਭੈਣ ਦਾ ਨਾਮ 'ਨਰੈਣੀ' (ਨਰਾਇਣ ਕੌਰ) ਸੀ। ਉਹ ਕਾਫ਼ੀ ਸਮਾਂ ਪਹਿਲਾਂ ਇਕ ਲੜਕਾ ਛੱਡ ਕੇ ਗੁਜ਼ਰ ਚੁੱਕੀ ਸੀ। ਪਲੇਠੀ ਦੀ ਅੰਸ਼ ਹੋਣ ਕਰਕੇ ਪਿਤਾ ਜੀ ਸਦਾ ਓਸੇ ਦਾ ਨਾਮ ਲਿਆ ਕਰਦੇ ਸਨ।

"ਇਕ ਵਾਰ ਏਸ ਘਰ ਵਿਚ ਫੇਰ ਜੰਮਣਾ ਏਂ। ਗੁਰੂ ਆਸ ਪੂਰੀ ਕਰੇ।" ਇਹ ਆਖ਼ਰੀ ਸ਼ਬਦ ਸਨ, ਜੋ ਪਿਤਾ ਜੀ ਨੇ ਕਹੇ।

ਮੈਂ ਕਈ ਵਾਰ ਸੋਚਿਆ ਕਰਦਾ ਹਾਂ, ਕਿ ਸਾਰੀ ਉਮਰ ਪਿਤਾ ਜੀ ਨੂੰ ਇਕ ਦਿਨ ਵੀ ਸੁਖ ਦਾ ਸਾਹ ਨਸੀਬ ਨਹੀਂ ਸੀ ਹੋਇਆ। ਹੱਡ ਭੰਨਵੀਂ ਕਾਰ, ਤੇ ਫਿਰ ਸ਼ਰੀਕਾਂ ਵੱਲੋਂ ਆਏ ਦਿਨ ਨਵੀਂਆਂ ਤੋਂ ਨਵੀਂਆਂ ਮੁਸੀਬਤਾਂ। ਫਿਰ ਵੀ ਉਹਨਾਂ ਦੀ ਖ਼ਾਹਸ਼ ਓਸੇ ਘਰ ਵਿਚ ਇਕ ਵਾਰ ਫੇਰ ਜਨਮ ਲੈਣ ਦੀ ਸੀ।

ਮਨੁੱਖ ਕੀ ਚਾਹੁੰਦਾ ਹੈ? ਇਸ ਬਾਰੇ ਸਮਝਣਾ ਬਹੁਤ ਮੁਸ਼ਕਲ ਹੈ।

(ਕੁਦਰਤ ਦੇ ਖੇਲ! ਮੇਰੇ ਇਕ ਪੋਤਰੇ ਦਾ ਮੁਹਾਂਦਰਾ ਉਹਨਾਂ ਨਾਲ ਮਿਲਦਾ ਹੈ, ਪਰ ਕੱਦ ਉਹਨਾਂ ਨਾਲੋਂ ਉੱਚਾ ਹੈ।)

ਪਿਤਾ ਜੀ ਮੰਜੇ 'ਤੇ ਪਏ ਸਨ, ਤਾਂ ਫਿਰ ਵੀ ਮੈਨੂੰ ਹੌਸਲਾ ਸੀ, ਕਿ ਮੇਰੀ ਕੰਡ ਉਤੇ ਕੋਈ ਹੈ। ਉਹਨਾਂ ਦੇ ਸਵਾਸ ਪੂਰੇ ਹੋਣ ਨਾਲ, ਮੇਰੇ ਵਾਸਤੇ ਚਾਰ ਚੁਫੇਰੇ ਹਨੇਰਾ ਛਾ ਗਿਆ।

ਉਸ ਵੇਲੇ ਪਹਿਰ ਕੁ ਰਾਤ ਰਹਿੰਦੀ ਸੀ। ਓਸੇ ਵੇਲੇ ਵੱਡੀ ਭੈਣ (ਜੋ ਵੱਡੀ ਤੋਂ ਦੂਸਰੇ ਥਾਂ ਸੀ) ਨੂੰ ਲਾਗੀ ਭੇਜ ਦਿਤਾ ਗਿਆ। ਸੂਰਜ ਚੜ੍ਹਦੇ ਤਕ ਉਹ ਆ ਗਈ। ਪਿਤਾ ਜੀ ਦਾ ਅੰਤਮ ਇਸ਼ਨਾਨ ਕਰਾ ਕੇ ਅਸੀਂ ਅਰਥੀ ਚੁੱਕਣ ਦੀ ਤਿਆਰੀ ਵਿਚ ਸਾਂ, ਜਾਂ ਵਿਰੋਧੀ ਸ਼ਰੀਕਾਂ ਵੱਲੋਂ ਸੁਨੇਹਾ ਆ ਗਿਆ।

ਉਸ ਵੇਲੇ ਉਹ ਚਾਰ-ਪੰਜ ਆਦਮੀ ਮੇਰੀ ਨਿਆਂਈਂ ਵਾਲੀ

ਫ਼ਸਲ ਵਿਚ ਆਪਣਾ ਮਾਲ ਛੱਡ ਕੇ 'ਤੇ ਡਾਂਗਾਂ ਫੜ ਕੇ ਬੈਠੇ ਸਨ। ਉਹਨਾਂ ਵੱਲੋਂ ਵੰਗਾਰ ਸੀ, ਕਿ 'ਜੱਟਾ ! ਹਿੰਮਤ ਹਈ, ਤਾਂ ਹੁਣ ਆ।'

ਅੰਦਾਜ਼ਾ ਲਾਉ, ਕਿ ਉਸ ਵੇਲੇ ਮੇਰੇ ਮਨ 'ਤੇ ਕੀ ਗੁਜ਼ਰੀ ਹੋਵੇਗੀ। ਮੈਂ ਪਿਤਾ ਜੀ ਦੀ ਅਰਥੀ ਛੱਡ ਕੇ ਨਹੀਂ ਸਾਂ ਜਾ ਸਕਦਾ। ਤੇ ਜੇ ਜਾਣ ਦੀ ਗ਼ਲਤੀ ਕਰਦਾ ਵੀ, ਤਾਂ ਉਹਨਾਂ ਦਾ ਟਾਕਰਾ ਕਿਵੇਂ ਕਰ ਸਕਦਾ ਸਾਂ। ਮੈਂ ਬਿਲਕੁਲ ਪੱਥਰ ਹੋ ਗਿਆ। ਜਿਵੇਂ ਮੇਰੀ ਬੁੱਧੀ ਸੋਚਣ ਤੋਂ ਵੀ ਅਸਮਰਥ ਹੋ ਗਈ ਸੀ।

ਮੈਂ ਸਾਰੀਆਂ ਅੰਤਮ ਰਸਮਾਂ ਤਾਂ ਨਿਭਾਈਆਂ, ਪਰ ਨਾ ਮੇਰੀਆਂ ਅੱਖਾਂ ਵਿਚ ਹੰਝੂ ਸਨ, ਤੇ ਨਾ ਹੀ ਲੋਕ-ਵਿਖਾਵੇ ਵਜੋਂ 'ਧਾਹ' ਮਾਰ ਸਕਿਆ ਸਾਂ।

ਅਜੇ ਵੀ ਮੈਨੂੰ ਉਹ ਦਿਨ ਯਾਦ ਔਂਦਾ ਹੈ, ਤਾਂ ਪਲ ਦਾ ਪਲ ਸਾਹ ਰੁਕ ਜਾਂਦਾ ਹੈ।

ਸਮੇਂ ਦੇ ਰਵਾਜ ਅਨੁਸਾਰ ਸਤਾਰ੍ਹਵੀਂ ਉਤੇ ਗੁਰੂ ਗ੍ਰੰਥ ਸਾਹਿਬ ਦਾ ਭੋਗ ਪੁਆ ਦਿਤਾ।

---

G.S.K.
25-9-95

# ਸ੍ਵੈ ਭਰੋਸਾ

ਓਸ ਜ਼ਮਾਨੇ ਦੇ ਅਨਪੜ੍ਹ ਬਜ਼ੁਰਗ ਵੀ ਕਈ ਅਖਾਣ ਬੜੇ ਅਰਥ ਭਰਪੂਰ ਸੁਣਾਇਆ ਕਰਦੇ ਸਨ। ਉਹਨਾਂ ਬਜ਼ੁਰਗਾਂ ਦੀ ਸੰਗਤ ਵਿਚ ਬਹਿ ਕੇ ਮੇਰਾ ਮਨ ਬੜਾ ਖ਼ੁਸ਼ ਹੁੰਦਾ ਸੀ।

"ਮਰਦਾਂ ਅਤੇ ਘੋੜਿਆਂ ਕੰਮ ਪੈਣ ਅਵੱਲੇ।"

ਦੂਸਰੇ ਬਜ਼ੁਰਗਾਂ ਨੇ ਕੋਲੋਂ ਉਸ ਦੀ ਵਿਆਖਿਆ ਕਰਨੀ, "ਤੇ ਮਰਦਾਂ ਦਾ ਮਰਦਊ-ਪੁਣਾ ਵੀ ਕਿਸੇ ਅਵੱਲੇ ਕੰਮ ਵੇਲੇ ਈ ਪਰਖਿਆ ਜਾਂਦਾ ਏ ਨਾਂ!"

"ਓ ਭਈ! ਸਰੀਰ ਨਹੀਂ, ਸਿਰੜ ਕੰਮ ਕਰਦਾ ਏ।"

"ਮਖ, ਤੁਹਾਨੂੰ ਹੁਕਮ ਹੋ ਜਾਵੇ, ਕਿ ਹਮਾਲੀਆ ਪਰਬਤ ਢਾਹ ਘੱਤੋ, ਤਾਂ ਕਹੀ ਫੜਕੇ ਟੱਕਰ ਪਵੋ। ਇਹ ਨਾ ਸੋਚੋ, ਕਿ ਤੁਸੀਂ ਉਹਨੂੰ ਢਾਹ ਨਹੀਂ ਸੱਕੋਗੇ।"

"ਮੈਂ ਕਿਹਾ ਜੀ! ਉੱਦਮ ਅੱਗੇ ਲੱਛਮੀ, ਪੱਖੇ ਅੱਗੇ ਪੌਣ।"

"ਓ ਜੀ! ਸੌ ਹੱਥ ਰੱਸਾ, ਤੇ ਸਿਰੇ 'ਤੇ ਗੰਢ। ਤਕੜੇ ਹੋ ਕੇ ਭਰੋਸੇ ਨਾਲ ਟੱਕਰ ਪਵੋ। ਫੇਰ ਕਿਹੜਾ ਕੰਮ ਏਂ, ਜੇਹੜਾ ਨਾ ਹੋ ਸੱਕੇ।"

ਮੇਰੇ ਸਾਮ੍ਹਣੇ ਵੀ ਅਜੇਹਾ ਸਮਾਂ ਆ ਗਿਆ। ਪਿਤਾ ਜੀ ਦੇ ਸੁਰਗਵਾਸ ਹੋਣ ਸਮੇਂ ਤੂਫ਼ਾਨ ਉਠਿਆ ਸੀ। ਮੈਂ ਲਾਚਾਰ ਸਿਰ ਝੁਕਾ ਦਿਤਾ, ਤੇ ਝੱਖੜ ਉਪਰ ਦੀ ਗੁਜ਼ਰ ਗਿਆ। ਪਰ ਕਦੇ ਨਾ ਭੁੱਲਣ ਵਾਲੀ ਯਾਦ ਪਿੱਛੇ ਛਡ ਗਿਆ।

ਤੀਸਰੇ ਦਿਨ ਤੋਰੀਏ ਦੀ ਰੌਣੀ ਵੱਤਰ ਸੀ। ਜ਼ਿਮੀਦਾਰ ਪਹਿਲਾਂ ਜਵਾਰ ਦਾ ਛੱਟਾ ਦੇਣਾ ਸਿੱਖਦਾ ਹੈ। ਦਾਣੇ ਮੋਟੇ ਹੁੰਦੇ ਹਨ, ਤੇ ਬੀਜ ਦਾ ਵਜ਼ਨ ਵਧੇਰੇ। ਉਸ ਦੇ ਉਲਟ ਤੋਰੀਏ ਦੇ ਦਾਣੇ ਬਰੀਕ, ਤੇ ਬੀਜ ਦਾ ਵਜ਼ਨ ਬਹੁਤ ਥੋੜਾ। ਜੇ ਛੱਟਾ ਦੇਣ ਲੱਗਿਆਂ ਵਿਚ ਬਿਆੜਾ (ਖ਼ਾਲੀ ਥਾਂ) ਰਹਿ ਜਾਏ, ਤਾਂ ਹਰ ਲੰਘਣ ਵਾਲਾ ਟਿਕਾਂ ਦੇ ਗਾਹਲ ਕਢਦਾ ਹੈ।

ਉਹ ਮੇਰੇ ਇਮਤਿਹਾਨ ਦਾ ਸਮਾਂ ਸੀ।

ਮਾਤਾ ਜੀ ਬੜੇ ਪਰੇਸ਼ਾਨ ਸਨ। ਉਹ ਹੌਕਾ ਭਰ ਕੇ ਕਹਿੰਦੇ, "ਹਾਇ, ਮੇਰੇ ਮਹਿੰਗੇ ਜੇਹੇ ਪੁੱਤਰ ਨੂੰ ਕੀ ਵਖਤ ਪੈ ਗਏ।" ਫਿਰ ਉਹ ਮੈਨੂੰ ਸਲਾਹ ਦੇਂਦੇ, "ਪੁੱਤ! ਤੋਰੀਏ ਦਾ ਛੱਟਾ ਦੇਣਾ ਤੇਰੇ ਵੱਸ ਦੀ ਗੱਲ ਨਹੀਂ। ਤੂੰ ਮਿਨਤ ਕਰਕੇ ਫਲਾਨੇ ਨੂੰ ਲੈ ਜਾਈਂ, ਕੋਈ ਮਿਹਣਾ ਨਹੀਂ। ਲੋੜ ਪਈ ਤੇ ਕਿਸੇ ਵਡੇਰੇ ਦੀ ਮਿਨਤ ਕਰ ਲੈਣ ਵਿਚ ਕਾਹਦਾ ਉਲਾਹਮਾ।"

"ਮਾਂ! ਕੋਈ ਚਿੰਤਾ ਨਾ ਕਰੋ। ਗੁਰੂ ਭਲਾ ਕਰੇਗਾ।" ਮੈਂ ਐਵੇਂ ਗੋਲ-ਮੋਲ ਉੱਤਰ ਦੇ ਛੱਡਦਾ।

ਦੋ ਦਿਨ ਮੈਂ ਰਾਤ ਦਿਨੇ ਇੱਕੋ ਗੱਲ ਬਾਰੇ ਸੋਚਦਾ ਰਿਹਾ, 'ਇਹ ਦੋ ਚਾਰ ਦਿਨਾਂ ਦੀ ਗੱਲ ਨਹੀਂ। ਇਹ ਤਾਂ ਸਾਰੀ ਉਮਰ ਦਾ ਸਵਾਲ ਏ। ਰੋਜ਼ ਕੀਹਦੀਆਂ ਮਿਨਤਾਂ ਕਰੇਂਗਾ। ਹੌਸਲਾ ਕਰਨਾ ਪਵੇਗਾ। ਦਿਲ ਨਾ ਹਾਰ, ਇਹ ਤੇਰਾ ਪਿਤਾ ਪੁਰਖੀ ਕਿੱਤਾ ਏ। ਹਰ ਹਾਲ ਕਰਨਾ ਹੀ ਪਵੇਗਾ।'

ਅਗਲੇਰੇ ਦਿਨ ਮੈਂ ਬੜੇ ਸ੍ਵੈ-ਭਰੋਸੇ ਨਾਲ ਤੋਰੀਏ ਦਾ ਛੱਟਾ ਦਿਤਾ। ਅਣਜਾਣ ਜ਼ਿਮੀਦਾਰ ਵਿਚ ਰੇਤ, ਜਾਂ ਮਿੱਟੀ ਰਲਾ ਲਿਆ ਕਰਦੇ ਹਨ। ਪਰ ਮੈਂ ਇਹ ਆਸਰਾ ਵੀ ਨਾ ਤਕਾਇਆ। ਦੂਹਰਾ ਛੱਟਾ ਦਿਤਾ। ਗੁਰੂ ਨੇ ਪਤ ਰੱਖ ਲਈ।

ਬੂਹੇ ਅੱਗੇ ਨਿਆਈਂ ਸੀ। ਤੋਰੀਆ ਵਾਹਵਾ ਚਾਰ-ਚਾਰ ਉਂਗਲਾਂ ਹੋ ਗਿਆ, ਤਾਂ ਮਾਤਾ ਜੀ ਆਪ ਵੇਖਣ ਗਏ। ਸਾਰੀ ਪੈਲੀ ਵਿਚ ਤੋਰੀਆ ਇਕ-ਸਾਰ ਉੱਗਿਆ ਹੋਇਆ ਸੀ। ਮਾਤਾ ਜੀ ਨੇ ਪੁੱਛਿਆ, "ਪੁੱਤ! ਕੀਹਨੇ ਦਿੱਤਾ ਸੀ ਛੱਟਾ?"

"ਮਾਂ! ਤੁਹਾਡੇ ਲਾਡਲੇ ਪੁੱਤਰ ਨੇ। ਮੈਂ ਰੋਜ਼ ਕੀਹਦੀ ਮਿਨਤ ਕਰਿਆ ਕਰਦਾ।"

ਮਾਤਾ ਜੀ ਨੇ ਘੁੱਟ ਕੇ ਹਿੱਕ ਨਾਲ ਲਾ ਲਿਆ। ਉਹਨਾਂ ਦੀਆਂ ਅੱਖਾਂ ਵਿਚ ਖ਼ੁਸ਼ੀ ਦੇ ਹੰਝੂ ਆ ਗਏ। "ਪੁੱਤ! ਤੂੰ ਜਿਹੜੇ ਕੰਮ ਨੂੰ ਹੱਥ ਪਾਵੇਂਗਾ, ਗੁਰੂ ਤੇਰੀ ਸਹਾਇਤਾ ਕਰੇਗਾ।" ਮਾਂ ਦੀ ਸੱਚੇ ਦਿਲੋਂ ਅਸੀਸ ਸੀ।

# ਕਦੇ ਰਾਤ ਬੀਤੇਗੀ ਹੀ

ਠੀਕ ਕਹਿੰਦੇ ਹਨ : ਕਾਲੀਆਂ ਰਾਤਾਂ ਲੰਮੀਆਂ ਵੀ ਹੁੰਦੀਆਂ ਹਨ, ਤੇ ਡਰਾਉਣੀਆਂ ਵੀ । ਪਰ ਅੰਤ ਹਰ ਰਾਤ ਦੀ ਉਸ਼ੇਰ ਹੁੰਦੀ ਹੈ ।

ਏਸੇ ਆਸ ਉਤੇ ਜ਼ਿੰਦਗੀ ਨੂੰ ਧੱਕਾ ਦਿਤੀ ਜਾ ਰਿਹਾ ਸਾਂ ।

ਸੱਚੀ ਪੁਛਦੇ ਹੋ, ਤਾਂ ਜਨਮ ਤੋਂ ਲੈ ਕੇ ਹੁਣ ਤਕ ਸਹਿਮ ਦੇ ਪਰਛਾਂਵੇਂ ਮੇਰੇ ਸਿਰ 'ਤੇ ਛਾਏ ਹੀ ਰਹੇ ਹਨ । ਪਰ ੧੯੩੦ ਤੋਂ ਲੈ ਕੇ ੧੯੩੫ ਤਕ, ਮੈਂ ਇਕ ਰਾਤ ਵੀ ਆਰਾਮ ਤੇ ਬੇਫ਼ਿਕਰੀ ਦੀ ਨੀਂਦ ਨਹੀਂ ਸੁੱਤਾ ।

ਮੇਰੇ ਇਕ ਨਾਵਲ ਦਾ ਨਾਇਕ ਸ਼ਾਇਰ ਹੈ । ਉਹ ਆਪਣੇ ਦੁੱਖਾਂ ਬਾਰੇ ਸਹਿੰਦੜ ਹੋ ਚੁਕਾ ਹੈ । ਇਕ ਸ਼ੇਅਰ ਵਿਚ ਉਹ ਆਪਣੇ ਦਿਲ ਦੀ ਕਹਿੰਦਾ ਹੈ :

"ਵਿਗਾੜੇਗੀ ਕੀ ਅੱਗ ਦੋਜ਼ਖ਼ ਦੀ ਮੇਰਾ,
ਕਦੋਂ ਸੁਖ ਬਹਿਸ਼ਤਾਂ ਦੇ ਆਸ਼ਕ ਨੇ ਮਾਣੇ ।"

ਸੱਚ ਮੁੱਚ ਹੀ ਇਹ ਮੇਰੀ ਜ਼ਿੰਦਗੀ ਦਾ ਤਜਰਬਾ ਸੀ ।

ਮੈਂ ਟੁੱਟ ਤਾਂ ਗਿਆ, ਪਰ ਹੌਸਲਾ ਨਹੀਂ ਹਾਰਿਆ । ਮੈਂ ਵਾਹੀ ਦਾ ਕੰਮ ਹੱਥੀਂ ਕਰਦਾ । ਮੇਰੀਆਂ ਕਵਿਤਾਵਾਂ ਤੇ ਕਹਾਣੀਆਂ ਮਾਸਕ ਪੱਤਰਾਂ ਵਿਚ ਛਪਦੀਆਂ । ਉਸ ਪਾਸਿਓਂ ਕੁਛ 'ਵਾਹ-ਵਾਹ' ਵੀ ਮਿਲਦੀ । ਪਰ ਮੇਰੇ ਅਨਪੜ੍ਹ ਵਿਰੋਧੀਆਂ ਨੂੰ ਇਹਨਾਂ ਗੁਣਾਂ ਦੀ ਕੀ ਸਾਰ । ਉਹਨਾਂ ਦਾ ਨਸ਼ਾਨਾ ਤਾਂ ਮੈਨੂੰ ਦੁਖੀ ਕਰਨਾ ਸੀ । ਮੇਰੀ ਫਬੀ ਖੇਤੀ ਪਸ਼ੂ ਛੱਡ ਕੇ ਉਜਾੜ ਦੇਣੀ, ਜਾਂ ਰਾਤ ਚੋਰੀ ਵੱਢ ਲੈਣੀ । ਜੋ ਵੀ ਉਹਨਾਂ ਤੋਂ ਪੁੱਜਦਾ, ਉਹ ਮੇਰਾ ਨੁਕਸਾਨ ਕਰਨੋਂ ਨਾ ਉੱਕਦੇ ।

ਮੇਰਾ ਸੁਭਾਉ ਵਿਹਲੇ ਬਹਿਣ ਦਾ ਨਹੀਂ ਸੀ । ਨਿਚੱਲਾ ਜਾਂ ਨਿਕੰਮਾਂ ਬੈਠਣਾ ਵਿਧਾਤਾ ਨੇ ਮੇਰੇ ਲੇਖਾਂ ਵਿਚ ਲਿਖਿਆ ਹੀ ਨਹੀਂ

ਸੀ। ਸੋ ਇਕ ਤਾਂ ਮੈਂ ਇਹਨਾਂ ਦਿਨਾਂ ਵਿਚ 'ਆਯੁਰ ਵੈਦਿਕ' ਤੇ 'ਯੂਨਾਨੀ' ਹਿਕਮਤ ਦੇ ਬਹੁਤ ਸਾਰੇ ਗ੍ਰੰਥ ਪੜ੍ਹੇ। ਝੁਕਾਉ ਵਧੇਰੇ 'ਆਯੁਰ ਵੈਦਿਕ' ਵੱਲ ਸੀ। ਤੇ ਦੂਸਰਾ ਕੰਮ, ੧੯੩੦ ਵਿਚ ਮੈਂ 'ਪੰਜਾਬ ਯੂਨੀਵਰਸਿਟੀ' ਦਾ 'ਗਿਆਨੀ' ਦਾ ਇਮਤਿਹਾਨ ਪਾਸ ਕੀਤਾ। ਮਨੋਰਥ ਇਹ ਸੀ, ਕਿ ਇਸ ਤਰ੍ਹਾਂ ਪ੍ਰਾਈਵੇਟ ਅੰਗਰੇਜ਼ੀ ਦਾ ਬੀ. ਏ. ਪਾਸ ਕਰ ਲਵਾਂਗਾ। ਫੇਰ ਕੋਈ ਮਾੜੀ ਮੋਟੀ ਨੌਕਰੀ ਭਾਲ ਲਵਾਂਗਾ।

ਇਕ ਉਰਦੂ ਦਾ ਮਿਸਰਾ ਹੈ :

"ਐਬ ਬੇਐਬ ਹੈ, ਜਬ ਹੱਦ ਸੇ ਗੁਜ਼ਰ ਜਾਤਾ ਹੈ।"

ਸੋ, ਦੁੱਖ ਵੀ ਹੱਦੋਂ ਵਧ ਜਾਣ, ਤਾਂ ਉਹਦੀ ਕਿਰਪਾ ਨਾਲ 'ਦੁਖ ਦਾਰੂ' ਬਣ ਜਾਂਦੇ ਹਨ। ਸੋ ਮੇਰੀ ਜ਼ਿੰਦਗੀ ਵਿਚ ਇਕ ਨਵਾਂ ਮੋੜ ਆ ਗਿਆ, ਜਿਸ ਬਾਰੇ ਕਦੇ ਸੋਚਿਆ ਵੀ ਨਹੀਂ ਸੀ।

---

G.S.S.K.
25-9-1995
ਗਿਆਨੀ ਸਰੂਪ ਸਿੰਘ ਕਡਿਆਣਾ
ਪੰਥਕ ਢਾਡੀ ਜੱਥਾ
98150-03075
ਪਿੰਡ ਕਡਿਆਣਾ ਤਹਿ: ਫਿਲੌਰ

# ਏਹ ਵੈਰੀ ਮਿਤ੍ਰ ਸਭਿ ਕੀਤਿਆ

੧੯੩੪ ਈ. ਦੀ ਗੱਲ ਹੈ। ਮੈਂ ਆਪਣੇ ਨਿਆਈਂ ਵਾਲੇ ਖੇਤ ਵਿਚ ਦਰਖ਼ਤਾਂ ਦੀ ਛਾਵੇਂ ਬੈਠਾ ਕੁਛ ਲਿਖ ਰਿਹਾ ਸਾਂ। ਮੇਰੇ ਚਾਰ-ਪੰਜ ਹਾਣੀ ਆਏ, ਜਿਨ੍ਹਾਂ ਮੇਰੇ ਨਾਲ ਗੁਰਦੁਆਰੇ ਗੁਰਮੁਖੀ ਪੜ੍ਹੀ ਸੀ। ਉਹਨਾਂ ਔਂਦਿਆਂ ਬੜੇ ਹੰਮੇਂ ਨਾਲ ਕਿਹਾ, "ਵੇਖ ਭਈ ! ਅਸਾਂ ਤੈਨੂੰ ਅੱਜ ਵਿਹਰਨ ਨਹੀਂ ਦੇਣਾ। ਆਪਣੀ ਗੱਲ ਮਨਾ ਕੇ ਉਠਣਾ ਏਂ।" ਕਹਿੰਦੇ ਹੋਏ ਉਹ ਦੋਹੀਂ ਪਾਸੀਂ ਮੇਰੇ ਮੰਜੇ 'ਤੇ ਬੈਠ ਗਏ।

"ਵਿਹਰਨਾ ਕਿਹੜੀ ਗੱਲੋਂ ਏਂ। ਹੁਕਮ ਕਰੋ।" ਮੈਂ ਐਵੇਂ ਰਸਮੀ ਉੱਤਰ ਦਿਤਾ।

"ਵੇਖ! ਤੂੰ ਸਾਰੇ ਪਿੰਡ ਚੋਂ ਵਧੇਰੇ ਪੜ੍ਹਿਆ ਲਿਖਿਆ ਏਂ। ਸੋ ਤੈਨੂੰ ਸਾਡਾ ਆਗੂ ਬਣਨਾ ਪਵੇਗਾ।"

ਅਖ਼ਾਣ ਹੈ, ਜਿੱਥੇ ਰੁੱਖ ਨਹੀਂ, ਓਥੇ ਅਰਿੰਡ ਪਰਧਾਨ। ਤੇ ਮੈਂ ਤਾਂ ਸੁੱਖ ਨਾਲ ਐਮ. ਐਸ. ਐਲ. ਸੀ. (M. S L. C.) ਪਾਸ ਸਾਂ। ਫਿਰ 'ਗਿਆਨੀ' ਪਾਸ, ਨਹੀਂ ਤਾ ਹਾਸੇ ਨਾਲ ਤਾਂ ਲੋਕ ਉਹਨੂੰ ਵੀ 'ਗਿਆਨੀ' ਆਖਣ ਲੱਗ ਪੈਂਦੇ ਨੇ, ਜੀਹਦਾ ਬਹੁਤਾ ਖਾ ਖਾ ਕੇ ਪੇਟ ਵਧਿਆ ਹੋਵੇ।

"ਹੁਕਮ ਕਰੋ! ਮੈਂ ਇਨਕਾਰ ਕਰ ਸਕਦਾਂ ?" ਮੈਂ ਆਇਆਂ ਦਾ ਮਾਣ ਰੱਖਣ ਵਾਸਤੇ ਕਿਹਾ।

ਪਿਛਲਾ ਮਹੀਨਾ ਸਾਡੇ ਪਿੰਡ 'ਰਾਸਧਾਰੀਏ' ਰਹੇ ਸਨ। ਉਹ ਬਿਨਾਂ ਪਰਦੇ, ਖੁੱਲ੍ਹੇ ਸਟੇਜ ਉਤੇ 'ਪੂਰਨ ਭਗਤ' 'ਰਾਜਾ ਹਰੀ ਚੰਦ' ਆਦਿ ਨਾਟਕ ਖੇਡਦੇ ਸਨ। ਮੇਰੇ ਸਾਥੀਆਂ ਦੇ ਮਨ ਵਿਚ ਵੀ ਓਹਾ ਸ਼ੌਕ ਮਚਲ ਰਿਹਾ ਸੀ। 'ਨਚਣੁ ਕੁਦਣੁ ਮਨ ਕਾ ਚਾਉ।'

ਉਹਨਾਂ ਸਾਫ਼ ਸ਼ਬਦਾਂ ਵਿਚ ਕਿਹਾ, "ਵੇਖ ਭਈ! ਸਾਡਾ ਨਸ਼ਾਨਾ

ਤਾਂ ਦਿਲ ਪਰਚੌਣਾ ਏਂ। ਤੂੰ ਨਾਟਕ ਲਿਖ, ਤੇ ਸਾਡਾ ਆਗੂ ਬਣ। ਨੱਚਣ ਭੁੜਕਣ ਦੇ ਸਾਰੇ ਕੰਮ ਅਸੀਂ ਕਰਾਂਗੇ। ਹਾਹੋ।"

ਮੈਂ ਜਨਮ ਤੋਂ ਹੀ ਧਾਰਮਿਕ ਰੁਚੀਆਂ ਦਾ ਮਾਲਕ ਹਾਂ। ਕਸੂਬ ਗੁਰਪੁਰਬਾਂ 'ਤੇ ਜਾ ਕੇ ਕਵਿਤਾਵਾਂ ਵੀ ਪੜ੍ਹਨੀਆਂ ਤੇ ਲੈਕਚਰ ਵੀ ਦੇਣੇ। ਮੈਂ ਬੜੇ ਨਰਮ ਸ਼ਬਦਾਂ ਵਿਚ ਉੱਤਰ ਦਿਤਾ, "ਤੁਹਾਡਾ ਕਿਹਾ ਸਿਰ ਮੱਥੇ, ਪਰ ਮੈਂ ਇਹ ਨਾਟਕ ਚੇਟਕ ਨਹੀਂ ਕਰ ਸਕਦਾ। ਬੁਰਾ ਨਾ ਮਨਾਇਓ, ਮੇਰਾ ਮਨ ਨਹੀਂ ਮੰਨਦਾ।"

ਫਿਰ ਕਾਫ਼ੀ ਚਿਰ ਹੋਰ ਹੋਰ ਵਿਚਾਰਾਂ ਹੁੰਦੀਆਂ ਰਹੀਆਂ। ਅੰਤ ਇਕ ਨੇ ਕਿਹਾ, "ਵੇਖੋ ਭਈ, ਸਾਡਾ ਨਸ਼ਾਨਾਂ ਤਾਂ ਦੋ ਘੜੀਆਂ ਦਿਲ-ਪਰਚੌਣਾ ਏਂ। ਆਪਾਂ ਕੀਰਤਨੀ ਜਥਾ ਬਣਾ ਲਈਏ। ਉਸ ਵਿਚ ਤਾਂ ਸਾਡਾ ਸਾਥ ਦੇਵੇਂਗਾ ਨਾਂ।"

ਇਹ ਕੰਮ ਮੇਰੀਆਂ ਰੁਚੀਆਂ ਅਨੁਸਾਰ ਸੀ। ਮੈਂ ਹਾਮੀ ਭਰ ਦਿਤੀ।

ਫੇਰ ਏਸ ਗੱਲ 'ਤੇ ਵਿਚਾਰ ਹੋਣ ਲੱਗੀ, ਕਿ ਰਾਗੀ ਜਥਾ ਬਣਾਈਏ, ਜਾਂ ਢਾਡੀ ਜਥਾ। ਅੰਤ ਫ਼ੈਸਲਾ ਇਹ ਹੋਇਆ, ਕਿ ਰਾਗੀ ਜਥੇ ਦੇ ਵਾਜੇ ਜੋੜੀਆਂ ਕੌਣ ਚੁਕਿਆ ਕਰੇਗਾ। ਢਾਡੀ ਜਥਾ ਹੀ ਠੀਕ ਹੈ। ਹੌਲਾ ਭਾਰ ਤੇ ਸਾਥ ਦੇ ਮੋਹਰੀ।

"ਸਿਆਣਿਆਂ ਆਖਿਆ ਏ, 'ਬਾਝ ਮੁਰਸ਼ਦਾਂ ਰਾਹ ਨਹੀਂ ਹੱਥ ਔਂਦੇ।' ਸੋ, ਏਸ ਕੰਮ ਦਾ ਕੋਈ ਉਸਤਾਦ ਭਾਲਣਾ ਚਾਹੀਦਾ ਏ।"

ਇਹ ਜ਼ਿੰਮੇਵਾਰੀ ਸਾਡੇ ਗੁੰਬੀ ਸਾਹਿਬ ਨੇ ਲੈ ਲਈ। ਉਹ ਵੀ ਸਾਡਾ ਹਾਣੀ ਹੀ ਸੀ।

ਸਾਡੇ ਜੱਦੀ ਪਿੰਡ 'ਕਾਦੀਵਿੰਡ' (ਹੁਣ ਪਾਕਿਸਤਾਨ ਵਿਚ) ਤੋਂ ਸੱਤ-ਅੱਠ ਮੀਲ ਦੂਰ ਇਕ ਕਾਫ਼ੀ ਵੱਡਾ ਨੱਗਰ 'ਲਲਿਆਣੀ' ਸੀ। ਗੁੰਬੀ ਸਾਹਿਬ ਓਥੋਂ ਇਕ ਬਜ਼ੁਰਗ ਸ਼ੇਖ਼ (ਭਰਾਈ) ਬਾਬਾ ਚਰਾਗ਼ ਦੀਨ ਨੂੰ ਲੈ ਆਏ। ਉਹ ਬੜੇ ਚੰਗੇ ਸੁਭੱ ਦੇ ਮਾਲਕ ਸਨ। ਉਹ ਆਪਣੇ ਕਸਬ ਦੇ ਉਸਤਾਦ ਸਨ। ਢਾਡੀ-ਪੁਣਾ ਉਹਨਾਂ ਦਾ ਪਿਤਾ-ਪੁਰਖੀ ਕਿੱਤਾ

ਸੀ । ਉਹ ਸਾਲ ਭਰ ਸਾਡੇ ਕੋਲ ਰਹੇ । ਸਾਨੂੰ ਉਹਨਾਂ ਢੱਡਾਂ ਵਜਾਉਣੀਆਂ, ਤੇ ਢਾਡੀਆਂ ਦੀਆਂ ਪੁਰਾਣੀਆਂ ਕਲਾਸੀਕਲ ਟਿਊਨਾਂ ਸਿਖਾਈਆਂ । ਕਈ ਵਾਰ ਉਹਨਾਂ ਮਾਣ ਨਾਲ ਕਹਿਣਾ, "ਉ ਸਰਦਾਰੋ ! ਪੰਜਾਹ ਢਾਡੀ ਬੈਠੇ ਹੋਣ, ਕੋਈ ਇਹ ਨਹੀਂ ਕਹਿ ਸਕੇਗਾ, ਕਿ ਤੁਹਾਨੂੰ ਪੂਰਨ, ਰਸਾਲੂ, ਸੱਸੀ, ਰਾਠੌੜ, ਜਾਂ ਕਲੀ ਗੌਣੀ ਨਹੀਂ ਔਂਦੀ । ਹਾਂ, ਜਿੰਨੀ ਮਿਹਨਤ ਕਰੋਗੇ, ਓਨਾ ਹੀ ਨਾਮ ਪੈਦਾ ਕਰ ਸਕੋਗੇ ।"

ਸਿਖਲਾਈ ਸਾਡੀ ਬੈਠਕ ਵਿਚ ਹੁੰਦੀ ਸੀ । ਅੱਧੀ-ਅੱਧੀ ਰਾਤ ਤਕ ਅਸਾਂ ਮਿਹਨਤ ਕਰਦੇ ਰਹਿਣਾ । ਮਹੀਨਾ-ਕੁ ਬੀਤ ਗਿਆ, ਤਾਂ ਬਾਬੇ ਚਰਾਗ਼ਦੀਨ ਨੇ ਕਿਹਾ, "ਹੁਣ ਭਈ, ਸਟੇਜ 'ਤੇ ਖਲੋਣਾ ਸਿੱਖੋ ।"

ਤੇ ਸਾਡੀ ਪਹਿਲੀ ਸਟੇਜ ਸੀ ਪਿੰਡ ਦਾ ਗੁਰਦੁਆਰਾ । ਪਿਛਲੇ ਪਹਿਰ ਅਸਾਂ ਸਾਜ਼ ਲੈ ਕੇ ਤਖ਼ਤਪੋਸ਼ 'ਤੇ ਖਲੋ ਜਾਣਾ । ਨੱਗਰ ਦੇ ਕੁਛ ਸੱਜਣਾਂ ਨੇ ਸੁਣਨ ਵਾਸਤੇ ਆ ਬੈਠਣਾ । ਮੈਂ ਮਹਿਸੂਸ ਕੀਤਾ, ਕਿ ਪਿੰਡ ਦੇ ਲੋਕਾਂ ਦੀ ਮੇਰੇ ਵਿਚ ਕੁਛ ਰੁਚੀ ਪੈਦਾ ਹੋ ਰਹੀ ਹੈ ।

ਸਭ ਤੋਂ ਪਹਿਲਾ ਕੰਮ ਮੈਂ ਇਹ ਕੀਤਾ, ਕਿ 'ਵਾਰਾਂ' ਆਪ ਲਿਖਣੀਆਂ ਸ਼ੁਰੂ ਕੀਤੀਆਂ । ਪਿੰਡੋਂ ਬਾਹਰ ਸਾਡੀ ਪਹਿਲੀ ਸਟੇਜ ਸੀ 'ਕਸੂਰ' ।

ਬਾਬਾ ਚਰਾਗ਼ਦੀਨ ਜੀ ਸਾਡੇ ਨਾਲ ਸਾਲ ਭਰ ਰਹੇ । ਫਿਰ ਇਕ ਸਿੱਖ ਸਾਰੰਗੀ ਵਾਲਾ (ਸ. ਸੁਰਜਣ ਸਿੰਘ) ਆ ਗਿਆ । ਪਰ ਬਾਬਾ ਚਰਾਗ਼ਦੀਨ ਜੀ ਦਾ ਆਦਰ-ਮਾਣ ਅਸੀਂ ਦੇਸ ਦੇ ਬਟਵਾਰੇ ਤਕ ਕਰਦੇ ਰਹੇ । ਹਰ ਸਿਆਲ ਉਸ ਨੇ ਆ ਜਾਣਾ, ਤੇ ਬੜੇ ਹੰਮੇਂ ਨਾਲ ਕਹਿਣਾ, "ਸਰਦਾਰੋ ! ਦਾਣੇ ਮੁੱਕ ਗਏ ਨੇ ।" ਅਸਾਂ ਸਾਰਿਆਂ ਉਹਨਾਂ ਦਾ ਪੂਰਾ ਆਦਰ ਮਾਣ ਕਰਨਾ, ਤੇ ਉਹਨਾਂ ਦੀ ਇੱਛਿਆ ਮੁਤਾਬਕ ਉਹਨਾਂ ਦੀ ਸੇਵਾ ਕਰ ਦੇਣੀ ।

੧੯੩੯ ਈ. ਦਾ ਸਤਾਈ ਵਿਸਾਖ ਦਾ ਦਿਨ ਮੇਰੇ ਵਾਸਤੇ ਜ਼ਿੰਦਗੀ ਦਾ ਸਭ ਤੋਂ ਸ਼ੁਭ ਦਿਹਾੜਾ ਸਾਬਤ ਹੋਇਆ । ਸਾਡੇ ਪਿੰਡ ਤੋਂ ਦਸ-

ਬਾਰਾਂ ਮੀਲ ਦੂਰ ਪਿੰਡ 'ਰੱਤੋਕੇ' ਵਿਚ 'ਬਾਬਾ ਬੀਰ ਸਿੰਘ ਜੀ ਨੌਰੰਗਾਬਾਦੀਏ' ਦਾ ਗੁਰਦੁਆਰਾ ਹੈ। ਸਤਾਈ ਵਿਸਾਖ ਨੂੰ ਹਰ ਸਾਲ ਓਥੇ ਮੇਲਾ ਲਗਿਆ ਕਰਦਾ ਸੀ। ਉਸ ਮੇਲੇ ਵਾਸਤੇ ਅਸਾਂ ਉਚੇਚੀ 'ਵਾਰ' ਲਿਖੀ।

'ਸਿੱਖ ਰਾਜ ਕਿਵੇਂ ਗਿਆ' ਦਾ ਪਹਿਲਾ ਭਾਗ ਮੈਂ ਲਿਖਿਆ, ਤੇ ਅਸਾਂ ਸਾਰਿਆਂ ਯਾਦ ਕੀਤਾ। ਸਾਡੇ ਪਿੱਡੋਂ ਦਸ-ਬਾਰਾਂ ਸਿੰਘ ਸਾਨੂੰ ਸੁਣਨ ਵਾਸਤੇ ਸਾਡੇ ਨਾਲ ਤਿਆਰ ਹੋ ਪਏ।

ਸਾਰੇ ਰਾਹ ਉਹ ਜਿਵੇਂ ਸਾਡੀ ਅਣਖ ਨੂੰ ਟੁੰਬਦੇ ਗਏ, "ਹੂੰ! ਘਰੇ ਤਾਂ ਰੋਜ਼ ਢੱਡਾਂ ਕੁੱਟਦੇ ਈ ਰਹਿੰਦੇ ਓ ਨਾਂ! ਓਥੇ ਪੁਰਾਣੇ ਪਹਿਲਵਾਨਾਂ ਸਾਮ੍ਹਣੇ ਵੇਖੀ ਜਾਏਗੀ।"

ਖ਼ੁਸ਼ੀਆਂ ਦੇ ਪੰਧ ਨੇੜੇ। ਹਸਦੇ ਖੇਡਦੇ ਅਸੀਂ ਮੇਲੇ ਵਿਚ ਜਾ ਪੁੱਜੇ। ਸੰਗਤਾਂ ਦੀ ਹਾਜ਼ਰੀ ਵੀਹ ਹਜ਼ਾਰ ਤੋਂ ਕੁਛ ਵੱਧ ਹੀ ਹੋਵੇਗੀ।

ਸਾਥੋਂ ਪਹਿਲਾਂ ਦੋ ਚੋਟੀ ਦਿਆਂ ਜਥਿਆਂ ਕੀਰਤਨ ਕੀਤਾ। ਫਿਰ ਸਾਡੀ ਵਾਰੀ ਆ ਗਈ। ਮੈਂ ਸਕੱਤਰ ਸਾਹਿਬ ਨੂੰ ਪੁੱਛਿਆ, "ਜੀ, ਅਸਾਂ ਟਾਈਮ ਕਿੰਨਾ ਲੈਣਾ ਏਂ?"

ਉਹਨੇ ਮੇਰੇ ਵੱਲੇ ਵੇਖ ਕੇ ਆਪਣੇ ਸੁਭਾਅ ਅਨੁਸਾਰ ਕਿਹਾ, "ਸ਼ੁਰੂ ਕਰ ਓਇ ਮੁੰਡਿਆ! ਸੌਦਾ ਵਿਕਦਾ ਵੇਖ ਕੇ ਸੋਚਾਂਗਾ।'

ਗੁਰੂ ਦੀ ਓਟ ਰੱਖ ਕੇ ਅਸਾਂ ਬੜੇ ਸ੍ਵੈ-ਭਰੋਸੇ ਨਾਲ ਸ਼ੁਰੂ ਕੀਤਾ।

ਮੰਗਲਚਰਨ ਤੋਂ ਬਾਹਦ ਮੈਂ ਸ਼ੇਰੇ ਪੰਜਾਬ ਦੀ ਬੰਸਾਵਲੀ ਸ਼ੁਰੂ ਕੀਤੀ। ਭਗਵਾਨ ਰਾਮ ਚੰਦਰ ਜੀ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਨਾਲ ਸ਼ਜਰਾ ਲਿਆ ਮਿਲਾਇਆ। ਫਿਰ ਸ਼ੇਰੇ ਪੰਜਾਬ ਦਾ ਸੁਰਗਵਾਸ ਹੋਣਾ, ਉਸ ਤੋਂ ਪਿੱਛੋਂ ਆਪਣਿਆਂ ਹੱਥੋਂ ਅਪਣਿਆਂ ਦਾ ਕਤਲ, ਡੋਗਰਿਆਂ ਦੀ ਗ਼ਦਾਰੀ, ਤੇ ਅੰਤ ਭਾਈ ਬੀਰ ਸਿੰਘ ਜੀ ਦੀ ਸ਼ਹੀਦੀ 'ਤੇ ਲਿਆ ਕੇ ਖ਼ਤਮ ਕੀਤਾ। ਨਾ ਸਾਨੂੰ ਕਿਸੇ ਨੇ ਹਟਾਇਆ, 'ਤੇ ਨਾਂ ਅਸਾਂ ਹਿੰਮਤ ਹਾਰੀ। ਸਾਢੇ ਤਿੰਨ ਘੰਟੇ ਪਿਛੋਂ ਅਸਾਂ ਆਪ ਫ਼ਤਹਿ ਬੁਲਾਈ।

ਸਰੋਤਿਆਂ ਵਾਸਤੇ ਇਹ ਦਿਲ-ਕੰਬਾਊ ਕਹਾਣੀ ਬਿਲਕੁਲ ਨਵੀਂ

ਸੀ। ਮੈਂ ਵੇਖ ਰਿਹਾ ਸਾਂ, ਕਿ ਕੋਈ ਵੀ ਅੱਖ ਸੁੱਕੀ ਨਹੀਂ ਸੀ, ਸਭ ਰੋ ਰਹੇ ਸਨ।

ਸਟੇਜ ਉਤੇ ਸੱਜੇ ਹੱਥ ਡੇਰੇ ਦੇ ਮਹੰਤ ਬਾਬਾ ਹਰਨਾਮ ਸਿੰਘ ਜੀ ਬੈਠੇ ਸਨ। ਉਹ ਵੀ ਰੋ ਰਹੇ ਸਨ। ਉਹਨਾਂ ਇਸ਼ਾਰਾ ਕਰਕੇ ਮੈਨੂੰ ਆਪਣੇ ਕੋਲ ਬੁਲਾ ਲਿਆ। ਮੈਂ ਆਦਰ ਨਾਲ ਹੱਥ ਜੋੜ ਕੇ ਉਹਨਾਂ ਦੇ ਨੇੜੇ ਜਾ ਬੈਠਾ। ਨਾਂ ਪਤਾ ਪੁੱਛਣ ਪਿੱਛੋਂ ਉਹਨਾਂ ਹੁਕਮ ਕੀਤਾ, "ਤੂੰ ਅੱਜ ਨਹੀਂ ਜਾਣਾ। ਮੈਂ ਭਲਕੇ ਫੇਰ ਤੈਥੋਂ ਇਹ ਵਾਰ ਸੁਣਨੀ ਏਂ।" ਨਾਲ ਹੀ ਉਹਨਾਂ ਆਪਣੇ ਇਕ ਸੇਵਕ ਨੂੰ ਹੁਕਮ ਕਰ ਦਿਤਾ, ਕਿ ਉਹ ਸਾਡੇ ਖਾਣ ਪੀਣ ਦਾ ਤੇ ਰਿਹਾਇਸ਼ ਦਾ ਪਰਬੰਧ ਕਰ ਦੇਵੇ।

ਦੀਵਾਨ ਸਮਾਪਤ ਹੋ ਗਿਆ। ਅਸੀਂ ਸਾਰੇ ਆਪਣੇ ਨੱਗਰ ਨਿਵਾਸੀਆਂ ਕੋਲ ਜਾ ਪੁੱਜੇ। ਡੁਰਲੀ ਜਥੇ ਦਾ ਲੀਡਰ ਸੀ ਸ. ਬਿਸ਼ਨ ਸਿੰਘ। ਛੇ ਫੁੱਟ ਉੱਚਾ-ਲੰਮਾ ਜਵਾਨ, ਦੋ ਆਦਮੀਆਂ ਦਾ ਇਕੱਲਾ ਟਾਕਰਾ ਕਰਨ ਜੋਗਾ, ਚੋਰੀ, ਡਾਕੇ, ਕਤਲ ਵਿਚ ਕਈ ਵਾਰ ਕੈਦ ਕੱਟ ਚੁੱਕਾ, ਸਮੇਂ ਦੀ ਪੋਲੀਸ ਤੋਂ ਆਕੀ। ਘਰਾਂ ਵਿਚੋਂ ਉਹ ਦੂਰੋਂ ਨੇੜਿਓਂ ਮੇਰਾ ਚਾਚਾ ਲਗਦਾ ਸੀ। ਉਹਨੇ ਮੈਨੂੰ ਜੱਫੀ ਵਿਚ ਲੈ ਕੇ ਚੁੱਕ ਲਿਆ। ਤੇ ਫਿਰ ਬੜੇ ਰੁਅਬ ਨਾਲ ਬੋਲਿਆ, "ਮੈਂ ਤੇਰਾ ਕੀ ਲਗਦਾ ਆਂ ਉਇ!"

"ਚਾਚਾ!" ਮੈਂ ਅੱਗੋਂ ਓਸੇ ਸੁਰ ਵਿਚ ਹਸਦਿਆਂ ਹਸਦਿਆਂ ਕਿਹਾ।

"ਸੁਣ ਲੈ ਫਿਰ! ਤੇਰਾ ਸਾਰਾ ਉਜਾੜਾ ਮੈਂ ਕਰੌਂਦਾ ਸਾਂ। ਤੇ ਕਰੌਂਦਾ ਸਈ ਤੇਰੇ ਚਾਚੇ ਦੇ ਆਖੇ। ਜਾਹ, ਅੱਜ ਤੋਂ ਸਭ ਮਾਫ਼। ਤਕੜਾ ਹੋ ਕੇ ਪਿੰਡ ਦਾ ਨਾਮ ਉੱਚਾ ਕਰ। ਜੇ ਤੇਰੀ ਵੱਟ ਉਤਦੀ ਵੀ ਕੋਈ ਲੰਘ ਗਿਆ, ਤਾਂ ਮੇਰਾ ਨਾਂ ਬਿਸ਼ਨ ਸੂੰਹ ਨਾ ਸੱਦੀਂ।"

ਬੱਸ, ਉਹ ਮੇਰੀਆਂ ਮੁਸੀਬਤਾਂ ਦਾ ਆਖ਼ਰੀ ਦਿਨ ਸੀ। ਮੈਂ ਗੁਰੂ ਮਹਾਰਾਜ ਅੱਗੇ ਸਿਰ ਝੁਕਾ ਕੇ ਮਨ ਹੀ ਮਨ ਵਿਚ ਕਿਹਾ, 'ਏਹ ਵੈਰੀ ਮਿਤਰ ਸਭ ਕੀਤਿਆ, ਨਹ ਮੰਗੇ ਮੰਦਾ।' G.S.S.K.
25-9-1995.

# ਫੁੱਲਾਂ ਥੱਲੇ ਅੰਗਿਆਰ

ਸਾਡਾ ਢਾਡੀ ਜਥਾ ਵਾਹਵਾ ਤੁਰ ਪਿਆ। ਲੋਕ ਸਾਨੂੰ ਸੱਦਣ ਲੱਗ ਪਏ। ਬਿਨਾਂ ਬੁਲਾਇਆਂ ਅਸੀਂ ਤਰਨ ਤਾਰਨ ਮੱਸਿਆ ਤੇ, ਜਾਂ ਅੰਮ੍ਰਿਤਸਰ ਦੀਵਾਲੀ 'ਤੇ ਹੀ ਜਾਂਦੇ। ਲੋਕਾਂ ਨਾਲ ਜਾਣ ਪਛਾਣ ਦਾ ਏਹਾ ਚੰਗਾ ਸਾਧਨ ਸੀ।

ਪੰਜਾਬ ਵਿਚ ਕਈ ਥਾਈਂ ਹੋਲਾ ਮਹੱਲਾ ਮਨਾਇਆ ਜਾਂਦਾ ਸੀ। ਲਗਾਤਾਰ ਸੱਤ-ਅੱਠ ਦਿਨ ਦੀਵਾਨ ਰਹਿਣਾ। ਪਹਿਲਾ ਹੋਲਾ ਅਸਾਂ ਨੱਗਰ 'ਭੜਾਣਾ' (ਜ਼ਿਲ੍ਹਾ ਲਾਹੌਰ, ਹੁਣ ਪਾਕਿਸਤਾਨ) ਵਿਚ ਮਨਾਇਆ।

ਮੇਰੀ ਜੀਵਨ ਸਾਥਣ ਦੇ ਵਡੇਰੇ ਕਦੇ ਓਸੇ 'ਭੜਾਣੇ' ਵਿਚੋਂ ਆਏ ਸਨ। ਜਿਨ੍ਹਾਂ ਘਰਾਂ ਕੋਲ ਓਥੇ ਜ਼ਮੀਨ ਘਟ ਗਈ, ਉਹਨਾਂ ਤਸੀਲ ਜ਼ੀਰਾ (ਜ਼ਿਲ੍ਹਾ ਫ਼ੀਰੋਜ਼ਪੁਰ) ਵਿਚ ਨਵਾਂ ਨੱਗਰ 'ਭੜਾਣਾ' ਆ ਵਸਾਇਆ।

ਸਾਡੇ ਵਿਚੋਲੇ 'ਬਾਬਾ ਧਿਆਨ ਦਾਸ ਜੀ' ਪਹਿਲੇ ਭੜਾਣੇ ਦੇ ਇਕ ਡੇਰੇ ਦੇ ਮਹੰਤ ਸਨ। ਉਹਨਾਂ ਰਾਹੀਂ ਉਸ ਨੱਗਰ ਦੇ ਬਹੁਤ ਸਾਰੇ ਲੋਕ ਮੈਨੂੰ ਜਾਣਦੇ ਸਨ।

ਸਾਡਾ ਗੌਣ ਦਾ ਤੇ ਵਿਆਖਿਆ ਦਾ ਢੰਗ ਬਿਲਕੁਲ ਨਵਾਂ ਸੀ। ਸੋ ਸਟੇਜ ਉਤੇ ਸੰਗਤਾਂ ਨੇ ਸਾਨੂੰ ਬਹੁਤ ਪਸੰਦ ਕੀਤਾ। ਮੈਂ ਸਮਝਦਾ ਹਾਂ, ਕਿ ਰਿਸ਼ਤੇਦਾਰੀ ਦਾ ਵੀ ਲੋਕਾਂ ਉਤੇ ਕੁਛ ਅਸਰ ਸੀ।

ਇਕ ਸ਼ਾਮ ਨੂੰ ਸਾਨੂੰ ਇਕ ਮਾਈ ਨੇ ਜਲ-ਪਾਣੀ ਛਕਣ ਵਾਸਤੇ ਘਰ ਬੁਲਾਇਆ। ਨਾਮ ਯਾਦ ਨਹੀਂ ਰਿਹਾ। (ਤੇ ਜੇ ਯਾਦ ਵੀ ਹੋਵੇ, ਤਾਂ ਮੈਂ ਕਿਹੜਾ ਕਿਸੇ ਨੂੰ ਦੱਸਣ ਲੱਗਾ ਸਾਂ।) ਸਾਡੇ ਛਕਣ ਵਾਸਤੇ ਦੁੱਧ ਤੇ ਮਿਠਿਆਈ ਵਾਧੂ ਸੀ। ਉਚੇਚੀ ਗੱਲ ਇਹ ਸੀ, ਕਿ ਉਦਾਲੇ ਸੱਤ-ਅੱਠ ਮੁਟਿਆਰਾਂ ਵੀ ਖਲੀਆਂ ਸਨ। ਅਸੀਂ ਕੁਰਸੀਆਂ 'ਤੇ ਜਾ ਬੈਠੇ। ਸਾਡੇ ਸਾਮ੍ਹਣੇ ਉਹ ਬਜ਼ੁਰਗ ਮਾਈ ਵੀ ਇਕ ਕੁਰਸੀ 'ਤੇ ਬੈਠੀ ਸੀ। ਉਮਰ ਪੰਜਾਹ ਤੋਂ ਉਪਰ ਹੀ ਹੋਵੇਗੀ, ਬੜਾ ਰੁਅਬ ਵਾਲਾ ਚੇਹਰਾ, ਪਰ

ਕੁਮਲਾਇਆ ਹੋਇਆ।

ਜਲ-ਪਾਣੀ ਛਕ ਹਟੇ, ਤਾਂ ਉਸ ਮਾਈ ਨੇ ਮੇਰੇ ਸਾਥੀਆਂ ਨੂੰ ਕਿਹਾ, "ਵੀਰਾ! ਤੁਸੀਂ ਹੁਣ ਡੇਰੇ ਜਾਉ। ਇਹ ਸਾਡਾ ਪਰੌਹਣਾ ਏਂ। ਆਹ ਕੁੜੀਆਂ-ਚਿੜੀਆਂ ਜ਼ਰਾ ਹੱਸਣਾ ਖੇਡਣਾ, ਜੀ-ਪਰਚੌਣਾ ਚੌਹੰਦੀਆਂ ਨੇ।"

ਸਾਥੀ ਉੱਠ ਕੇ ਚਲੇ ਗਏ। ਮੇਰੇ ਮਨ ਵਿਚ ਘਬਰਾਹਟ ਤਾਂ ਕੋਈ ਨਹੀਂ ਸੀ, ਸਗੋਂ ਖ਼ੁਸ਼ੀ ਹੀ ਸੀ। ਪਰ ਮੈਂ ਉਹਨਾਂ ਦੇ ਹਾਸੇ-ਠੱਠੇ ਦਾ ਖੁੱਲ੍ਹ ਕੇ ਉੱਤਰ ਨਹੀਂ ਸਾਂ ਦੇ ਸਕਦਾ। ਕਿਉਂਕਿ ਮੈਂ ਪਰਚਾਰਕ ਬਣ ਕੇ ਓਥੇ ਗਿਆ ਸਾਂ।

ਉਹ ਬੀਬੀਆਂ ਘੰਟਾ ਪੌਣਾ ਘੰਟਾ ਹਾਸਾ ਠੱਠਾ ਕਰਦੀਆਂ ਰਹੀਆਂ। ਮੈਂ ਕਿਸੇ ਕਿਸੇ ਗੱਲ ਦਾ ਸੰਕੋਚਵਾਂ ਜੇਹਾ ਉੱਤਰ ਦੇਂਦਾ। (ਕਿਉਂਕਿ ਰਾਂਝੇ ਵਾਂਗ ਨਵਾਂ ਨਵਾਂ ਜੋਗੀ—ਪਰਚਾਰਕ—ਬਣਿਆਂ ਸਾਂ।)

ਇਕ ਮੁਟਿਆਰ ਜ਼ਰਾ ਅੱਗੇ ਵਧੀ। "ਭਾਈਆ ਜੀ! ਸੱਚੀਂ, ਸਾਡੀ ਭੈਣ ਸਾਡੇ ਸਾਰੀਆਂ ਨਾਲੋਂ ਸੋਹਣੀ ਏਂ? ਤੂੰ ਸਾਡੇ ਵੱਲੇ ਤਕਦਾ ਵੀ ਨਹੀਂ।"

"ਤੁਸੀਂ ਸਾਰੀਆਂ ਈ ਸੋਹਣੀਆਂ ਤੇ ਸਿਆਣੀਆਂ ਹੋ। ਤੁਹਾਡੀ ਭੈਣ ਵੀ ਤੁਹਾਡੇ ਵਰਗੀ ਈ ਏ।" ਮੈਂ ਸੰਕੋਚਵਾਂ ਜੇਹਾ ਉੱਤਰ ਦਿੱਤਾ।

ਵਾਹਵਾ ਚਿਰ ਏਸ ਤਰ੍ਹਾਂ ਹਾਸਾ-ਠੱਠਾ ਹੁੰਦਾ ਰਿਹਾ। ਹਰ ਮੁਟਿਆਰ ਨੇ ਕੁਛ ਨਾ ਕੁਛ ਕਿਹਾ। ਇਨਸਾਨੀ ਸੁਭਾਉ। ਹਰ ਇਕ ਦੱਸਣਾ ਚਾਹੁੰਦਾ ਕਿ 'ਮੈਂ ਵੀ ਹਾਂ"।

ਅਖ਼ੀਰ ਉਸ ਮਾਈ ਨੇ ਗੱਲ ਮੁਕਾਉਣ ਵਾਸਤੇ ਕਿਹਾ, "ਵੇ ਬੀਬਾ! ਉਂਞ ਤਾਂ ਤੂੰ ਪਹਿਲਾਂ ਵੀ ਸਾਡਾ 'ਪਰੌਹਣਾ' ਏਂ। ਪਰ ਜੇ ਦੂਜਾ ਵਿਆਹ ਕਰੌਣ ਦਾ ਇਰਾਦਾ ਹੋਵੇ, ਤਾਂ ਆਹ ਵੇਖ, ਸੋਨੇ-ਰੰਗੀਆਂ ਤੇਰੇ ਸਾਹਮਣੇ ਖਲੀਆਂ ਨੇ। ਜੀਹਦੇ 'ਤੇ ਹੱਥ ਧਰੇਂ, ਭਲਕੇ ਤੇਰੇ ਨਾਲ ਤੋਰ ਦੇਊਂ।"

ਸਾਰੇ ਵਿਹੜੇ ਵਿਚ ਹਾਸਾ ਗੂੰਜ ਉਠਿਆ।

ਇਕ ਸ਼ੋਖ ਜੇਹੀ 'ਤਾਈ' ਦਾ ਮੋਢਾ ਹਿਲਾਉਂਦੀ ਬੋਲੀ, "ਤਾਈ! ਕਿਸੇ ਦੀ ਰਈ ਨਾ ਕਰੀਂ। ਚੂਹੀ-ਚੂਹਾ ਖਿੱਚ ਲਈਂ। ਜੀਹਦੀ ਕਿਸਮਤ ਜਾਗ ਪਏ।"

ਫਿਰ ਸਾਰੇ ਹਾਸਾ ਗੂੰਜ ਉਠਿਆ।

"ਮੈਂ ਤਾਂ ਇਕ ਸ਼ਰਤ ਤੇ ਤਿਆਰ ਆਂ। ਪਈ, ਜਿੱਥੇ ਜਾਇਆ ਕਰੇਗਾ, ਨਾਲ ਜਾਇਆ ਕਰੂੰ।"

ਅਖ਼ੀਰ ਮੈਂ ਹੱਥ ਜੋੜ ਕੇ ਕਿਹਾ, "ਮਾਂ ਜੀ! ਤੁਸੀਂ ਸਾਰੀਆਂ ਏਹ ਅਰਦਾਸ ਕਰੋ, ਕਿ ਮੇਰੀ ਪਹਿਲੀ ਹੀ ਉਮਰ ਭਰ ਸਾਥ ਨਿਭੌਣ ਵਾਲੀ ਹੋਵੇ।"

ਸਾਰੀ ਰਾਤ ਮੈਂ ਓਸੇ ਮਾਈ ਬਾਰੇ ਸੋਚਦਾ ਰਿਹਾ। ਅਗਲੇ ਦਿਨ ਇਕ ਬਜ਼ੁਰਗ ਕੋਲੋਂ ਪਤਾ ਲੱਗਾ, ਕਿ ਉਸਦੇ ਘਰ ਲੜਕੀ ਹੋਈ, ਤੇ ਅਗਲੇ ਸਾਲ ਉਹਦਾ ਪਤੀ ਗੁਜ਼ਰ ਗਿਆ। ਓਦੋਂ ਉਸ ਬੀਬੀ ਦੀ ਉਮਰ ਵੀਹ ਸਾਲ ਤੋਂ ਘੱਟ ਸੀ। ਸਾਰੀ ਉਮਰ ਉਸਨੇ ਬੜੇ ਜਤੰ-ਸਤ ਵਿਚ ਕੱਟੀ ਏ। ਉਸਦੀ ਲੜਕੀ ਹੁਣ ਆਪਣੇ ਘਰ ਬਾਲ-ਬੱਚੇ ਵਾਲੀ ਹੈ। ਨੇੜੇ ਘਰਾਂ ਦੀਆਂ ਲੜਕੀਆਂ ਨੂੰ ਕੋਲ ਬੁਲੱਾ ਕੇ ਉਹ ਸਾਰਾ ਦਿਨ-ਤੇ ਕਦੇ ਕਦੇ ਅੱਧੀ ਰਾਤ ਤਕ-ਭੰਡਾਰ ਕੱਤਦੀ ਰਹਿੰਦੀ ਏ। ਬੱਸ, ਹਰ ਵੇਲੇ ਕੁੜੀਆਂ ਨਾਲ ਹੱਸਦੀ ਰਹੇਗੀ। ਪਹਿਲੀਆਂ ਅਗਲੇ ਘਰੀਂ ਤੁਰ ਜਾਂਦੀਆਂ ਨੇ, ਤਾਂ ਉਹਨਾਂ ਤੋਂ ਛੋਟੀਆਂ ਇਹਦੇ ਵਿਹੜੇ ਦੀ ਰੌਣਕ ਬਣ ਜਾਂਦੀਆਂ ਨੇ। ਸਾਰੇ ਪਿੰਡ ਵਿਚ ਇਸਦੀ ਬੜੀ ਇੱਜ਼ਤ ਏ। ਪਰ ਹੈਰਾਨ ਹਾਂ, ਕਦੇ ਕਿਸੇ ਇਹਨੂੰ ਹੰਝੂ ਕੇਰਦਿਆਂ ਨਹੀਂ ਵੇਖਿਆ। ਬੱਸ, ਹਸਦੀ ਰਹੇਗੀ।"

ਕਈ ਦਿਨ ਮੈਂ ਸੋਚਦਾ ਰਿਹਾ, "ਉਹ-ਹੋ! ਉਹਦੇ ਬਨਾਉਟੀ ਹਾਸਿਆਂ ਥੱਲੇ ਕਿੰਨੇ ਹਉਕੇ ਵਿਲਕ ਰਹੇ ਨੇ! 'ਫੁੱਲਾਂ ਥੱਲੇ ਅੰਗਿਆਰ'।

(ਓਹਾ ਮਾਈ ਮੇਰੇ ਨਾਵਲ 'ਜੰਗ ਜਾਂ ਅਮਨ' ਵਿਚ 'ਤਾਈ ਜ਼ਾਹਬੋ' ਬਣਕੇ ਆਈ ਹੈ।) G.S.S.K. 25-9-95

# ਦੋ ਸਤਜੁਗੀ ਦੇਵੀਆਂ

ਕੋਈ 'ਵੱਡੇ ਆਦਮੀ' ਬੜੇ ਮਾਣ ਨਾਲ ਕਹਿਣਗੇ, "ਮੇਰੇ ਪੰਦਰਾਂ ਗੁਰੂ ਹਨ", "ਮੇਰੇ ਵੀਹ ਗੁਰੂ ਹਨ", "ਮੇਰੇ ਤੀਹ ਗੁਰੂ ਹਨ"। ਉਹਨਾਂ ਦੀ ਭਾਸ਼ਾ ਵਿਚ 'ਗੁਰੂ' ਸ਼ਬਦ 'ਉਸਤਾਦ' ਨਾਲੋਂ ਵੀ ਘੱਟ ਮਹੱਤਤਾ ਰਖਦਾ ਹੈ। ਜਿਸ ਕੋਲੋਂ ਜ਼ਿੰਦਗੀ ਵਿਚ ਜ਼ਰਾ-ਕੁ ਸੇਧ ਮਿਲੀ, ਉਸੇ ਨੂੰ 'ਗੁਰੂ' ਕਹਿ ਲਿਆ।

ਮਗਰ ਮੈਂ 'ਸਿੱਖ' ਹਾਂ। ਮੈਂ 'ਦਸ ਗੁਰੂ ਸਾਹਿਬਾਨ' ਤੋਂ ਬਿਨਾਂ ਹੋਰ ਕਿਸੇ ਵਾਸਤੇ 'ਗੁਰੂ' ਸ਼ਬਦ ਨਹੀਂ ਵਰਤ ਸਕਦਾ। ਏਸੇ ਵਾਸਤੇ ਮੈਂ ਉਹਨਾਂ ਬੀਬੀਆਂ ਵਾਸਤੇ 'ਸਤਜੁਗੀ ਦੇਵੀਆਂ' ਸ਼ਬਦ ਵਰਤੇ ਹਨ।

ਓਦੋਂ ਮੇਰੀ ਉਮਰ ਸਤਾਈ-ਅਠਾਈ ਸਾਲ ਦੀ ਸੀ। ਇਕ ਪਿੰਡ ਵਿਚ ਸਾਡਾ ਦੋ ਦਿਨ ਦਾ ਪ੍ਰੋਗ੍ਰਾਮ ਸੀ। ਜਿਸ ਘਰ ਵਿਚ ਸਾਡਾ ਉਤਾਰਾ ਸੀ, ਉਹ ਅੰਮ੍ਰਿਤਧਾਰੀ ਸਿੰਘਾਂ ਦਾ ਘਰ ਸੀ। ਇਕ ਉਹਨਾਂ ਦੀ ਲੜਕੀ ਤੇ ਇਕ ਨੋਂਹ (ਘੁੰਡ ਤੋਂ ਬਿਨਾਂ), ਦੋਵੇਂ ਅਠਾਰਾਂ-ਵੀਹ ਸਾਲ ਉਮਰ ਦੀਆਂ ਮੁਟਿਆਰਾਂ ਸਨ। ਮੈਨੂੰ ਉਹ 'ਬਾਬਾ ਜੀ' ਤੇ ਮੇਰੇ ਸਾਥੀਆਂ ਨੂੰ 'ਵੀਰ ਜੀ' ਕਹਿੰਦੀਆਂ ਸਨ। ਉਹਨਾਂ ਇਸ ਸ਼ਰਧਾ ਨਾਲ ਸਾਡੀ ਸੇਵਾ ਕੀਤੀ, ਜਿਵੇਂ ਅਸੀਂ 'ਦੇਵਤੇ' ਹੁੰਦੇ ਹਾਂ।

ਮੇਰੇ ਦਿਲ ਵਿਚ ਆਈ, 'ਵੇਖ ਭਈ ! ਚਾਹੀਦਾ ਤਾਂ ਇਹ ਹੈ, ਕਿ ਜੋ ਕੁਛ ਇਹ 'ਦੇਵੀਆਂ' ਤੈਨੂੰ ਸਮਝਦੀਆਂ ਹਨ, ਇਸ ਨਾਲੋਂ ਉੱਚਾ ਜੀਵਨ ਗੁਜ਼ਾਰੇਂ। ਨਹੀਂ ਤਾਂ ਜਿੰਨਾ ਉੱਚਾ ਤੂੰ ਇਸ ਵੇਲੇ ਇਹਨਾਂ ਦੀ ਨਜ਼ਰ ਵਿਚ ਹੈਂ, ਓਨਾਂ ਉੱਚਾ ਤਾਂ ਜ਼ਰੂਰ ਰਹਿਣਾ ਚਾਹੀਦਾ ਹੈ।'

ਜ਼ਿੰਦਗੀ ਵਿਚ ਦੋ-ਤਿੰਨ ਵਾਰ 'ਤਿਲਕਣ ਦਾ ਸਮਾਂ' ਆਇਆ। ਉਹ ਦੋਵੇਂ 'ਬੱਚੀਆਂ' ਪੱਥ ਪਰਦਰਸ਼ਕ ਬਣ ਕੇ ਮੇਰੇ ਸਾਮ੍ਹਣੇ ਆ ਜਾਂਦੀਆਂ ਰਹੀਆਂ। ਤੇ ਮੈਂ ਤਿਲਕਣੋ ਬਚ ਗਿਆ।

ਯਾਦ ਰੱਖੋ, ਤਿਲਕਣ ਥਾਂ ਤੋਂ ਥਿੜਕਦੇ ਆਦਮੀ ਨੂੰ ਜੇ ਕੋਈ ਬਾਂਹੋਂ ਫੜਕੇ ਸੰਭਾਲ ਲਵੇ, ਤਾਂ ਉਹ ਸੰਭਲ ਜਾਂਦਾ ਹੈ। ਪਰ ਜੇ ਕੋਲੋਂ ਧੱਕਾ ਦੇਣ ਵਾਲਾ ਹੀ ਹੋਵੇ, ਫਿਰ ਉਹਦੇ ਡਿੱਗਣ ਵਿਚ ਕੀ ਦੇਰ ਲਗਦੀ ਹੈ।

G.S.S.K/25-9-1995.

# ਲੜਕੀ ਵਾਸਤੇ ਅਰਦਾਸ

ਉਸ ਜ਼ਮਾਨੇ ਦੇ ਅਨਪੜ੍ਹ ਬਜ਼ੁਰਗ ਵੀ ਕਈ ਗੱਲਾਂ ਬੜੀਆਂ ਅਰਥ-ਭਰਪੂਰ ਕਰਿਆ ਕਰਦੇ ਸਨ। ਪਰ੍ਹੇ ਵਿਚ ਬੈਠਿਆਂ ਉਹਨਾਂ ਕਹਿਣਾ, "ਜਿਸ ਦੇ ਘਰ ਧੀ ਨਾ ਹੋਵੇ, ਉਸ ਘਰ ਕੰਨਿਆਂ ਦਾ ਰਿਸ਼ਤਾ ਕਦੇ ਨਾ ਕਰੋ। ਉਹਨੂੰ ਕੀ ਪਤਾ, ਕਿ ਧੀ ਦੀ ਇੱਜ਼ਤ ਕੀ ਹੁੰਦੀ ਏ।"

ਮੇਰੇ ਮਾਤਾ ਜੀ ਨੇ ਵੀ ਕਹਿਣਾ, 'ਧੀ ਤੋਂ ਬਿਨਾਂ ਘਰ ਪਵਿੱਤਰ ਨਹੀਂ ਹੁੰਦਾ'।

ਗੁਰੂ ਦੀ ਕਿਰਪਾ, ਦੋ ਲੜਕਿਆਂ ਪਿੱਛੋਂ ਸਾਡੇ ਘਰ ਲੜਕੀ ਹੋਈ। ਸਾਰੇ ਪਰਵਾਰ ਨੇ ਖ਼ੁਸ਼ੀ ਮਨਾਈ। ਪਰ ਇਹ ਖ਼ੁਸ਼ੀ ਬਹੁਤਾ ਸਮਾਂ ਸੁਹੰਢਣੀ ਨਾ ਹੋਈ। ਸ਼ਾਇਦ ਉਹ ਥੋੜੀ ਉਮਰ ਲਿਖਾ ਕੇ ਆਈ ਸੀ। ਸਭੋ ਅੱਠ-ਕੁ ਮਹੀਨੇ।

ਮੈਂ ਸਵੇਰ ਦਾ ਪਰਸ਼ਾਦਾ ਛਕਣ ਬੈਠਾ ਸਾਂ। ਉਹਨੇ ਸਹਿਜ ਸਹਿਜ ਮੇਰੀ ਥਾਲੀ ਨੂੰ ਹੱਥ ਆ ਪਾਇਆ। ਮੈਂ ਛੋਟੀ ਜੇਹੀ ਬੁਰਕੀ ਉਹਦੇ ਮੂੰਹ ਵਿਚ ਦੇ ਦਿਤੀ। ਬੱਸ, ਮੇਰੀ ਕਮਾਈ ਵਿਚੋਂ ਉਹਦੇ ਹਿੱਸੇ ਏਨਾ ਕੁਛ ਹੀ ਸੀ। ਓਸੇ ਸ਼ਾਮ ਉਹ ਦੋ ਚਾਰ ਘੜੀਆਂ ਬੀਮਾਰ ਹੋ ਕੇ ਤੁਰ ਗਈ।

"ਕੇਲ ਕਰੇਂਦੇ ਹੰਝ ਨੋ ਅਚਿੰਤੇ ਬਾਜ ਪਏ।"

ਪਰ ਅਜੇ ਤਕ ਉਹ ਸਾਨੂੰ ਭੁੱਲੀ ਨਹੀਂ। ਕਈ ਵਾਰ ਉਹ ਭੋਲੀ-ਭਾਲੀ ਸੂਰਤ ਅੱਖਾਂ ਸਾਮ੍ਹਣੇ ਆ ਜਾਂਦੀ ਹੈ। ਖ਼ਾਸ ਕਰਕੇ ਜਦੋਂ ਮੈਂ ਪਰਸ਼ਾਦ ਛਕਣ ਬੈਠਦਾ ਹਾਂ।

ਚੌਥਾ ਬੱਚਾ ਸਾਡੇ ਘਰ ਫਿਰ ਲੜਕਾ ਹੋਇਆ। (ਡਾ. ਰਘਬੀਰ ਸਿੰਘ)। ਜਿਸ ਨੇ ਪਰਵਾਰ ਦਾ ਨਾਮ ਕਾਫ਼ੀ ਉੱਚਾ ਕੀਤਾ ਹੈ।

ਅਗਲੀ ਵਾਰ ਫਿਰ ਅਰਦਾਸਾਂ ਸ਼ੁਰੂ ਹੋਈਆਂ। ਸਵੇਰੇ ਉਠਦਿਆਂ ਮੇਰੇ ਮਾਤਾ ਜੀ ਨੇ ਹੱਥ ਜੋੜ ਕੇ ਕਹਿਣਾ, "ਗੁਰੂ ਮਹਾਰਾਜ! ਜਦੋਂ ਮੈਂ ਨਹੀਂ ਸਾਂ ਚਾਹੁੰਦੀ, ਓਦੋਂ ਧੀਆਂ ਹੀ ਤੁਰੀਆਂ ਔਂਦੀਆਂ ਸਨ। ਤੇ

ਹੁਣ ਸਾਰਾ ਪਰਵਾਰ ਝੋਲੀ ਅੱਡ ਕੇ ਮੰਗਦੇ ਆਂ, ਸਾਨੂੰ ਇਕ ਕੰਨਿਆਂ ਬਖ਼ਸ਼ ਦੇਹ, ਪਰ ਜਿਉਣੀ-ਜਾਗਣੀ ਹੋਵੇ।"

ਮੇਰੇ ਮਾਤਾ ਜੀ ਹੀ ਨਹੀਂ, ਅਸੀਂ ਦੋਵੇਂ ਜੀਂ ਵੀ ਅਰਦਾਸਾਂ ਕਰਦੇ ਸਾਂ। ਅੰਤ ਉਹਦੇ ਘਰ ਸੁਣੀ ਗਈ। ਸਾਡੇ ਘਰ ਛਨਿੱਛਰਵਾਰ, ਸੱਤ ਕੱਤਕ, ੧੯੯੪ ਬਿ. (੨੩ ਅਕਤੂਬਰ, ੧੯੩੭ ਈ.) ਨੂੰ ਬੀਬੀ 'ਮਹਿੰਦਰ' ਹੋਈ। ਇਸ ਵੇਲੇ ਓਹਾ ਸਾਡੇ ਨੇੜੇ ਹੈ।

---

R.S.S.K.
25-9-1995

ਸੇਵਦਾਰ

# ਰਾਗੀਆਂ ਦੀਆਂ ਕਮਜ਼ੋਰੀਆਂ

ਅਸਾਂ 'ਖ਼ਾਨੇਵਾਲ' ਜਾਣਾ ਸੀ। ਕਸੂਰੋਂ ਚੜ੍ਹ ਕੇ 'ਰਾਏਵਿੰਡ' ਗੱਡੀ ਬਦਲਨੀ ਸੀ। ਇਕ ਸਾਡਾ ਜਥਾ ਸੀ, ਤੇ ਇਕ ਰਾਗੀ ਜਥਾ। ਗੱਡੀ ਚੱਲਣ ਵਾਲੀ ਸੀ, ਜਾਂ ਓਸੇ ਡੱਬੇ ਵਿਚ ਇਕ ਹੋਰ ਸੱਜਣ ਆ ਚੜ੍ਹੇ। ਕੀਰਤਨ ਕਰਨ ਵਾਲਾ ਬਹੁਤਿਆਂ ਨੂੰ ਨਹੀਂ ਜਾਣਦਾ, ਪਰ ਸਰੋਤੇ ਉਸ ਨੂੰ ਜਾਣਦੇ ਹਨ। ਉਸ ਸੱਜਣ ਦੇ ਹੱਥ ਵਿਚ ਇਕ ਥੈਲਾ ਸੀ, ਜਿਸ ਵਿਚ ਕੁਛ ਫਲ ਸਨ। ਮੈਨੂੰ ਵੇਖ ਕੇ ਉਹਨੇ ਬੜੀ ਸ਼ਰਧਾ ਨਾਲ ਫ਼ਤਹਿ ਬੁਲਾਈ, ਤੇ ਫਲ ਪੇਸ਼ ਕਰਨੇ ਚਾਹੇ। ਮੈਂ ਬੜੇ ਆਦਰ ਨਾਲ ਬੇਨਤੀ ਕੀਤੀ, "ਸਿੰਘ ਸਾਹਿਬ! ਇਹ ਫਲ ਤੁਸਾਂ ਬੱਚਿਆਂ ਵਾਸਤੇ ਲਿਆਂਦੇ ਨੇ। ਸਾਡਾ ਏਥੇ ਹੋਣ ਦਾ ਤਾਂ ਤੁਹਾਨੂੰ ਪਤਾ ਵੀ ਨਹੀਂ ਸੀ। ਸਾਨੂੰ ਪਹੁੰਚ ਗਏ, ਤੁਸੀਂ ਸਾਡੇ ਵੱਲੋਂ ਬੱਚਿਆਂ ਵਾਸਤੇ ਲੈ ਜਾਓ।"

ਮੇਰੇ ਦੋ-ਚਾਰ ਵਾਰ ਨਾਂਹ ਕਰਨ 'ਤੇ ਉਸ ਰਾਗੀ ਤੋਂ ਜਰਿਆ ਨਾ ਗਿਆ। ਮੈਨੂੰ ਸੰਬੋਧਨ ਕਰਕੇ ਉਸ ਨੇ ਕਿਹਾ, "ਗਿਆਨੀ ਜੀ! ਤੁਸੀਂ ਤਾਂ ਕਿਸੇ ਸ਼ਰਧਾਲੂ ਦੀ ਸ਼ਰਧਾ ਦਾ ਵੀ ਆਦਰ ਨਹੀਂ ਕਰਦੇ।"

ਫਿਰ ਉਹਨੇ ਉਸ ਸੱਜਣ ਵੱਲ ਤਕਦਿਆਂ ਕਿਹਾ, "ਲਿਆਓ ਗੁਰਮੁਖ ਜੀ! ਤੁਹਾਡੀ ਭੇਟਾ ਪਰਵਾਨ। ਗੁਰੂ ਮਹਾਰਾਜ ਭਾਵਨੀਆਂ ਪੂਰਨ ਕਰਨ।" ਨਾਲ ਹੀ ਉਹਨੇ ਉਹਦੇ ਝੋਲੇ ਵਿਚੋਂ ਫਲ ਕਢ ਕੇ ਆਪਣੇ ਝੋਲੇ ਵਿਚ ਪਾ ਲਏ।

ਉਹ ਸੱਜਣ 'ਰਾਜਾ ਜੰਗ' ਸਟੇਸ਼ਨ ਤੋਂ ਉਤਰ ਗਿਆ।

ਰਾਏਵਿੰਡ ਤੋਂ ਗੱਡੀ ਬਦਲ ਕੇ ਅਸੀਂ ਦੂਸਰੀ ਵਿਚ ਬੈਠ ਗਏ।

ਰਾਗੀ ਸਿੰਘ ਨੇ ਝੋਲੇ ਵਿਚੋਂ ਫਲ ਕਢ ਕੇ ਕਿਹਾ, "ਲਓ" ਗਿਆਨੀ ਜੀ! ਭੋਗ ਲਾਉ।"

ਮੈਂ ਜ਼ਰਾ-ਕੁ ਵਿਅੰਗ ਨਾਲ ਕਿਹਾ "ਗੁਰੂ ਕੇ ਲਾਲ! ਇਹ ਮੈਨੂੰ

ਨਹੀਂ ਪਚਣੇ। ਤੁਸੀਂ ਛਕੋ।"

"ਵਾਹ, ਗਿਆਨੀ ਜੀ! ਤੁਸੀਂ ਤਾਂ ਨਿਰੇ ਵਹਿਮੀ ਹੋ।" ਉਹਨੇ ਹਸਦਿਆਂ ਹਸਦਿਆਂ ਕਿਹਾ। "ਜੇ ਏਹੋ ਜੇਹੇ ਬੁੱਧੂ ਨਾ ਹੋਣ, ਤਾਂ ਸਾਡਾ ਹਲਵਾ-ਮੰਡਾ ਕਿੱਥੋਂ ਚੱਲੇ।"

ਚੋਖਾ ਚਿਰ ਮੈਂ ਉਸ ਸੱਜਣ ਦੇ ਮੂੰਹ ਵੱਲ ਵਿਹੰਦਾ ਰਿਹਾ। ਕੁਛ ਸਮਾਂ ਪਹਿਲਾਂ ਜੇਹੜਾ ਸਿੱਖ 'ਸ਼ਰਧਾਲੂ' ਸੀ, ਉਹ 'ਬੁੱਧੂ' ਬਣ ਗਿਆ।

ਇਸ ਤੋਂ ਵੀ ਮਾੜੀ ਗੱਲ 'ਸ਼ਿਮਲੇ' ਵਾਪਰੀ। ਜਿਹੜੇ ਸੱਜਣ ਸਾਨੂੰ ਪਿਆਰ ਨਾਲ ਬੁਲਾਉਂਦੇ ਹਨ, ਉਹ ਵਿਤ ਅਨਸਾਰ ਸੇਵਾ ਵੀ ਕਰਦੇ ਹਨ। ਮੇਰੀਆਂ ਲੋੜਾਂ ਬੜੀਆਂ ਥੋੜ੍ਹੀਆਂ ਹਨ। ਯਾਦ ਰੱਖੋ, ਥੋੜ੍ਹੀਆਂ ਲੋੜਾਂ ਵਿਚ ਹੀ ਸੁਖ ਹੈ। ਜਿਉਂ ਜਿਉਂ ਕੋਈ ਲੋੜਾਂ ਤੇ ਖ਼ਾਹਸ਼ਾਂ ਵਧਾਉਂਦਾ ਜਾਵੇਗਾ, ਤਿਉਂ ਤਿਉਂ 'ਦੁੱਖ' ਤੇ 'ਕਲੇਸ਼' ਵਧਦਾ ਜਾਏਗਾ।

ਨਾ ਮੈਂ ਚਾਹ ਪੀਂਦਾ ਹਾਂ, ਨਾ ਤਲੀ ਹੋਈ ਮਠਿਆਈ ਖਾਂਦਾ ਹਾਂ। ਜ਼ਰੂਰੀ ਲੋੜ ਹੈ, ਕੀਰਤਨ ਕਰਨ ਪਿੱਛੋਂ ਥੋੜ੍ਹਾ ਜੇਹਾ ਦੁੱਧ। ਤਾ ਕਿ ਆਵਾਜ਼ ਦੇਣ ਵਾਲੀਆਂ ਪੱਤਰੀਆਂ ਜ਼ਰਾ ਨਿੱਘੀਆਂ ਰਹਿਣ। ਇਹ ਹਰ ਥਾਂ ਮਿਲ ਜਾਂਦਾ ਹੈ।

ਸ਼ਿਮਲੇ ਸਾਥੋਂ ਪਹਿਲਾਂ ਇਕ ਰਾਗੀ ਜਥੇ ਨੇ ਕੀਰਤਨ ਕੀਤਾ। ਫਿਰ ਅਸਾਂ ਗੁਰੂ ਘਰ ਦੀ ਕੋਈ ਵਾਰ ਗਾਂਵੀਂ। ਦੁਧ ਛਕ ਕੇ ਅਸੀਂ ਬਾਜ਼ਾਰ ਵਿਚ ਨਿਕਲੇ, ਤਾਂ ਅੱਗੋਂ ਇਕ ਸ਼ਰਧਾਲੂ ਮਿਲ ਪਿਆ। ਇਕ ਹਲਵਾਈ ਦੀ ਦੁਕਾਨ ਕੋਲ ਉਹ ਬੜੀ ਸ਼ਰਧਾ ਨਾਲ ਕਹਿਣ ਲੱਗਾ, "ਸੀਤਲ ਜੀ! ਮੇਰੀ ਸ਼ਰਧਾ ਹੈ, ਮੈਂ ਤੁਹਾਨੂੰ ਦੁੱਧ ਛਕਾਉਣਾ ਹੈ"।

"ਗੁਰੂ ਕੇ ਲਾਲ! ਅਸੀਂ ਹੁਣੇ ਗੁਰਦੁਆਰਿਓਂ ਦੁੱਧ ਨਾਲ ਪਰਸੰਨ ਹੋ ਕੇ ਆਏ ਹਾਂ। ਲੋੜ ਹੁੰਦੀ, ਤਾਂ ਜ਼ਰੂਰ ਛਕ ਲੈਂਦੇ।"

ਉਹ ਸੱਜਣ ਬਹੁਤੀ ਹੀ ਜ਼ਿਦ ਕਰਨ ਲੱਗਾ, ਤਾਂ ਮੈਂ ਕਿਹਾ, "ਤੁਸੀਂ ਏਸ ਵਾਸਤੇ ਜ਼ੋਰ ਦੇਂਦੇ ਓ ਨਾਂ, ਕਿ ਦੁੱਧ ਛਕ ਕੇ ਅਸੀਂ ਤੁਹਾਡੇ

ਹੱਕ ਵਿਚ ਅਰਦਾਸ ਕਰੀਏ । ਪਰ ਜੇ ਅਸੀਂ ਛਕ ਕੇ ਔਖੇ ਹੋਏ, ਤਾਂ ਸਾਡੇ ਅੰਦਰੋਂ 'ਭਲਾ ਹੋਵੇ' ਕਿਵੇਂ ਨਿਕਲੇਗਾ ।"

ਰਾਗੀ ਨੇ ਵੇਖਿਆ, ਕਿ ਸਾਮੀ ਹੱਥੋਂ ਜਾਂਦੀ ਏ, ਤਾਂ ਉਸ ਤੋਂ ਰਿਹਾ ਨਾ ਗਿਆ । ਉਹ ਬਿਨਾਂ ਬੁਲਾਏ ਹੀ ਬੋਲ ਪਿਆ, "ਗੁਰੂ ਘਰ ਦੇ ਸ਼ਰਧਾਵਾਨ ਸਿੰਘ ਸਾਹਿਬ ਜੀਓ ! ਗਿਆਨੀ ਜੀ ਠੀਕ ਕਹਿੰਦੇ ਨੇ । ਅਸੀਂ ਦੋਵੇਂ ਜਥੇ ਦੁਧ ਨਾਲ ਰੱਜ ਕੇ ਆਏ ਆਂ । ਤੁਸੀਂ ਪੈਸੇ ਦੇ ਦਿਉ, ਅਸੀਂ ਤੁਹਾਡੇ ਨਾਂ ਦਾ ਫੇਰ ਛਕ ਲਵਾਂਗੇ ।"

ਮੇਰੀ ਹੈਰਾਨੀ ਦੀ ਹੱਦ ਨਾ ਰਹੀ, ਜਾਂ ਉਸ ਰਾਗੀ ਨੇ ਪੈਸੇ ਲੈ ਲਏ । ਫਿਰ ਉਹ ਸੱਜਣ ਮੈਨੂੰ ਵੀ ਪੈਸੇ ਲੈਣ ਵਾਸਤੇ ਜ਼ੋਰ ਲੌਣ ਲੱਗਾ ।

ਮੈਂ ਹੱਥ ਜੋੜ ਕੇ ਕਿਹਾ, "ਸਿੰਘਾ ! ਜੇ ਕੁਛ ਕਰ ਸਕਦਾ ਏਂ, ਤਾਂ ਮੇਰੇ ਹੱਕ ਵਿਚ ਅਰਦਾਸ ਕਰ, ਕਿ ਗੁਰੂ ਮਹਾਰਾਜ ਮੈਨੂੰ ਏਹੋ ਜੇਹੀਆਂ ਕਮਜ਼ੋਰੀਆਂ ਤੋਂ ਬਚਾਈ ਰੱਖੇ ।"

ਜ਼ਮਾਨਾ ਬੀਤ ਗਿਆ ਏ, ਪਰ ਅਜੇ ਤਕ ਮੈਨੂੰ ਉਹ ਘਟਨਾ ਭੁੱਲੀ ਨਹੀਂ ।

---

G.S.S.K.
26-9-1995.

# ਜੰਞ ਨਾਲ ਜਾਣਾ ਛਡਿਆ

ਕਵੀ ਤੇ ਨਾਵਲਕਾਰ ਕੁਦਰਤੀ ਜਜ਼ਬਾਤੀ ਹੁੰਦਾ ਹੈ। ਏਹਾ ਮਰਜ਼ ਉਸ ਨੂੰ ਲਿਖਣ ਵਾਸਤੇ ਮਜਬੂਰ ਕਰਦੀ ਹੈ।

ਪਰ ਮੈਂ ਵਧੇਰੇ ਧਾਰਮਿਕ ਜਜ਼ਬਾਤੀ ਹਾਂ। ਬੜੀ ਛੋਟੀ ਜੇਹੀ ਘਟਨਾ ਸੀ। ਵਿਆਹਾਂ ਸ਼ਾਦੀਆਂ 'ਤੇ ਮਾਇਆ ਚੰਗੀ ਹੋ ਜਾਂਦੀ ਹੈ। ਸੋ ਅਸੀਂ ਵੀ ਵਿਆਹਾਂ ਦਾ ਸੱਦਾ ਪਰਵਾਨ ਕਰ ਲੈਂਦੇ ਸਾਂ।

ਸਾਡੇ ਇਲਾਕੇ ਦੀ ਹੀ ਜੰਞ ਸੀ। ਬਹੁਤ ਸਾਰੇ ਸੱਜਣ ਜ਼ਾਤੀ ਤੌਰ 'ਤੇ ਜਾਣੂ ਸਨ। ਕੀਰਤਨ ਦੀ ਸਮਾਪਤੀ ਹੋਈ, ਤਾਂ ਇਕ ਦੋਸਤ ਨੇ ਉੱਠ ਕੇ ਕਿਹਾ, "ਲੈ ਭਈ, ਹੁਣ ਇਕ ਹੀਰ ਦੀ ਕਲੀ ਸੁਣਾ ਦੇਹ, 'ਲੈ ਤੁਰ ਚੱਲਿਆ ਰਾਂਝਾ ਚੂਚਕ ਦੀਏ ਜਾਈਏ ਨੀ'।

ਮੇਰੀ ਆਤਮਾ ਨੂੰ ਬੜਾ ਝਟਕਾ ਲੱਗਾ। ਮੈਂ ਤਾਂ ਸਦਾ ਇਹ ਸੋਚਿਆ ਕਰਦਾ ਸਾਂ, "ਹਉ ਢਾਢੀ ਹਰਿ ਪ੍ਰਭ ਖਸਮ ਕਾ" ਤੇ ਇਹਨਾਂ ਕੀ ਸਮਝਿਆ ?

"ਮੇਰੇ ਦੋਸਤ ! ਮੈਂ ਤੇਰਾ ਧੰਨਵਾਦੀ ਹਾਂ। ਤੂੰ ਮੈਨੂੰ ਇਕ ਸੇਧ ਦਿਤੀ ਹੈ। ਮੈਂ ਗੁਰੂ ਘਰ ਦਾ ਢਾਡੀ ਹਾਂ, ਗਵਈਆ ਨਹੀਂ। ਸੋ ਅੱਜ ਤੋਂ ਪਿੱਛੋਂ ਮੈਂ ਜੰਞ ਸਾਮ੍ਹਣੇ ਕਦੇ ਕੀਰਤਨ ਨਹੀਂ ਕਰਾਂਗਾ।"

ਗੁਰੂ ਮਹਾਰਾਜ ਇਹ ਪ੍ਰਣ ਨਿਭਾਈ ਜਾ ਰਹੇ ਹਨ।

G.S.S.K.
26-9-1995

——

# ਪ੍ਰਣ ਪੱਤਰ

ਇਕ ਵਾਰ ਸਾਡੇ 'ਧਰਮ ਦੇ ਠੇਕੇਦਾਰਾਂ' ਨੂੰ ਕੀ ਸੁੱਝੀ। ਦੀਵਾਲੀ ਦੇ ਸਮੇਂ ਉਹਨਾਂ ਇਕ 'ਪ੍ਰਣ ਪੱਤਰ' ਛਾਪ ਦਿਤਾ। ਨਾਲ ਹੀ ਹੁਕਮ ਕਰ ਦਿਤਾ, ਕਿ 'ਮੰਜੀ ਸਾਹਿਬ' ਦੇ ਸਟੇਜ ਉੱਤੇ ਓਸੇ ਰਾਗੀ, ਢਾਡੀ, ਪਰਚਾਰਕ ਨੂੰ ਬੋਲਣ ਦੀ ਆਗਿਆ ਦਿਤੀ ਜਾਵੇਗੀ, ਜੋ ਇਹ ਪ੍ਰਣ-ਪੱਤਰ ਭਰੇਗਾ।

'ਪ੍ਰਣ-ਪੱਤਰ' ਕੀ ਸੀ ?

"ਮੈਂ ਗੁਰੂ ਮਹਾਰਾਜ ਨੂੰ ਹਾਜ਼ਰ-ਨਾਜ਼ਰ ਜਾਣ ਕੇ ਕਸਮ ਖਾ ਕੇ ਕਹਿੰਦਾ ਹਾਂ, ਕਿ ਮੈਂ ਕਦੇ ਸ਼ਰਾਬ ਨਹੀਂ ਪੀਤੀ, ਤੇ ਨਾ ਹੀ ਜ਼ਿੰਦਗੀ ਭਰ ਕਦੇ ਪੀਵਾਂਗਾ।"

ਹੇਠਾਂ ਲਿਖਿਆ ਸੀ, "ਇਸ ਦੀ ਤਸਦੀਕ ਇਲਾਕੇ ਦੇ ਜਥੇਦਾਰ ਕੋਲੋਂ ਕਰਾਈ ਜਾਵੇ।"

ਸਟੇਜ ਸਕੱਤਰ ਨੇ ਮੈਨੂੰ ਕਿਹਾ, ਕਿ ਪਹਿਲਾਂ ਤੁਸੀਂ ਦਫ਼ਤਰੋਂ ਹੋ ਆਓ।

ਸੂੰਧਕ ਮੈਨੂੰ ਪਹਿਲਾਂ ਹੀ ਪੈ ਗਈ ਸੀ। ਮੈਂ ਮੈਨੇਜਰ ਸਾਹਿਬ ਨੂੰ ਜਾ ਫ਼ਤਹਿ ਬੁਲਾਈ। ਉਹਨਾਂ 'ਪ੍ਰਣ ਪੱਤਰ' ਮੇਰੇ ਸਾਮ੍ਹਣੇ ਧਰ ਦਿਤਾ। ਪੜ੍ਹਨ ਪਿਛੋਂ ਮੈਂ ਠੱਠੇ ਨਾਲ ਕਿਹਾ, "ਮੈਨੇਜਰ ਸਾਹਿਬ ! ਜੇ ਜਥੇਦਾਰ ਆਪ ਪੀਂਦਾ ਹੋਵੇ, ਤਾਂ ਫਿਰ ਕਿਸ ਕੋਲੋਂ ਤਸਦੀਕ ਕਰਾਵਾਂ ?"

ਉਹ ਮੇਰੀ ਰਮਜ਼ ਸਮਝ ਗਏ। ਮੁਸਕ੍ਰਾ ਕੇ ਕਹਿਣ ਲੱਗੇ, "ਜੀ, ਮੈਂ ਤਾਂ ਨੌਕਰ ਹਾਂ। ਮੈਂ ਕੀ ਕਹਿ ਸਕਦਾ ਹਾਂ।"

"ਗੁਰੂ ਮਹਾਰਾਜ ਦੀ ਕਿਰਪਾ ਨਾਲ, ਮੈਂ ਜਨਮ ਤੋਂ ਹੀ ਸ਼ਰਾਬ ਨੂੰ ਨਹੀਂ ਛੋਹਿਆ। ਪਰ ਔਣ ਵਾਲੇ ਸਮੇਂ ਬਾਰੇ ਕੀ ਕਿਹਾ ਜਾ ਸਕਦਾ ਹੈ ? ਭਗਤ ਕਬੀਰ ਜੀ ਫ਼ੁਰਮਾਉਂਦੇ ਹਨ 'ਅਜਹੁ ਸੁ ਨਾਉ ਸਮੁਦ੍ਰ ਮਹਿ ਕਿਆ ਜਾਨਉ ਕਿਆ ਹੋਇ।' ਨਾਲੇ ਮੈਂ ਆਪਣੇ ਆਚਰਣ

ਬਾਰੇ ਕਿਸੇ ਕੋਲੋਂ ਤਸਦੀਕ ਕਿਉਂ ਕਰਾਵਾਂ ? ਮੇਰੇ ਕਰਮਾਂ ਦਾ ਲੇਖਾ ਮੇਰਾ ਗੁਰੂ ਹੀ ਕਰ ਸਕਦਾ ਹੈ, ਕੋਈ ਹੋਰ 'ਧਰਮ ਦਾ ਠੇਕੇਦਾਰ' ਨਹੀਂ ! ਮੈਂ ਇਸ 'ਪ੍ਰਣ ਪੱਤਰ' 'ਤੇ ਦਸਖ਼ਤ ਨਹੀਂ ਕਰਨੇ । ਤੁਹਾਡੀ ਇੱਛਿਆ ਹੋਵੇ, ਵਕਤ ਦਿਹੋ, ਨਾ ਹੋਵੇ, ਨਾ ਦਿਹੋ ।"

ਖ਼ੈਰ, ਪ੍ਰਬੰਧਕਾਂ ਦੀ ਮੇਹਰਬਾਨੀ। ਉਹਨਾਂ ਮੈਨੂੰ ਸਟੇਜ ਉਤੇ ਕੀਰਤਨ ਕਰਨ ਦਾ ਵਕਤ ਦੇ ਦਿੱਤਾ । ਪਰ ਮੈਨੂੰ ਇਹ ਘਟਨਾ ਭੁੱਲੀ ਨਹੀਂ ।

G.S.S.K.
26-9-1995

—

# ਕਈ ਵਾਰ ਮਸ਼ਹੂਰੀ ਮਹਿੰਗੀ ਪੈਂਦੀ ਹੈ

ਥੋੜ੍ਹੇ ਸਮੇਂ ਵਿਚ ਹੀ ਜੋ ਸੰਗਤਾਂ ਦਾ ਪਿਆਰ ਮੈਨੂੰ ਪ੍ਰਾਪਤ ਹੋਇਆ, ਇਹ ਗੁਰੂ ਮਹਾਰਾਜ ਦੀ ਕਿਰਪਾ ਹੀ ਹੈ। ਤਰਨ ਤਾਰਨ ਮੱਸਿਆ 'ਤੇ ਜਾਣਾ, ਤਾਂ ਲੋਕਾਂ ਨੇ ਇਸ਼ਾਰੇ ਕਰ ਕਰ ਕਹਿਣਾ, "ਅਹੁ ਜਾਂਦਾ ਜੇ। ਚੱਲੋ, ਸਟੇਜ ਦੇ ਨੇੜੇ ਚੱਲ ਕੇ ਥਾਂ ਮੱਲ ਲਉ।"

ਇਸ ਚਰਚਾ ਤੋਂ ਮੈਨੂੰ ਬਹੁਤ ਖ਼ੁਸ਼ੀ ਹੋਣੀ। ਇਕ ਬੱਚੇ ਨੂੰ ਸ਼ਾਵਾ-ਸ਼ਿਹ' (ਸ਼ਾਬਾਸ਼) ਕਹੋ, ਤਾਂ ਉਹਨੂੰ ਖ਼ੁਸ਼ੀ ਹੁੰਦੀ ਹੈ, ਤਾਂ ਮੈਂ ਵੀ ਤਾਂ ਇਕ ਇਨਸਾਨ ਹੀ ਹਾਂ।

ਪਰ ਇਕ ਦਿਨ ਮੈਨੂੰ ਇਹ 'ਵਾਹ-ਵਾ' ਬਹੁਤ ਮਹਿੰਗੀ ਪਈ।

ਉਸ ਸਮੇਂ ਪਰਕਰਮਾਂ ਵਿਚ ਕਈ ਥਾਂਵਾਂ 'ਤੇ ਦੀਵਾਨ ਸਜਦੇ ਸਨ। ਵਧੇਰੇ ਹਾਜ਼ਰੀ ਹੁੰਦੀ ਸੀ, ਜਾਂ 'ਮੰਜੀ ਸਾਹਿਬ', ਜਾਂ 'ਸੈਂਟਰਲ ਮਾਝਾ' ਦੇ ਦੀਵਾਨ ਵਿਚ। ਮੰਜੀ ਸਾਹਿਬ ਸਮਾਂ ਲੈਣ ਵਾਸਤੇ ਕਮੇਟੀ ਦੀ ਖ਼ੁਸ਼ਾਮਦ ਕਰਨੀ ਪੈਂਦੀ ਸੀ, ਸੋ ਅਸੀਂ 'ਸੈਂਟਰਲ ਮਾਝਾ' ਦੇ ਸਟੇਜ ਉਤੇ ਕੀਰਤਨ ਕਰਿਆ ਕਰਦੇ ਸਾਂ।

ਉਸ ਮਹੀਨੇ 'ਦੁਆਬੀਆਂ ਦੇ ਬੁੰਗੇ' ਦੇ ਪਰਬੰਧਕਾਂ ਨੇ ਵੀ ਵਕਤ ਲੈ ਲਿਆ। 'ਦੁਆਬੀਆਂ ਦਾ ਬੁੰਗਾ' ਜ਼ਰਾ ਪਰਕਰਮਾਂ ਤੋਂ ਹਟਵਾਂ ਹੈ। ਪਰਕਰਮਾਂ ਦੇ ਨਾਲ ਲਗਦੇ ਮਕਾਨਾਂ ਤੇ ਉਸ ਬੁੰਗੇ ਦੇ ਸੰਨ੍ਹ ਵਿਚ ਇਕ ਗਲੀ ਪੈਂਦੀ ਹੈ।—

ਰਾਤ ਦੇ ਬਾਰਾਂ-ਪੌਣੇ ਬਾਰਾਂ ਅਸਾਂ ਸੈਂਟਰਲ ਮਾਝਾ ਦਾ ਸਟੇਜ ਛਡਿਆ, ਤੇ ਪਿਛਲੇ ਪਾਸੇ ਲੰਘ ਕੇ ਉਸ ਗਲੀ ਰਾਹੀਂ 'ਦੁਆਬੀਆਂ ਦੇ ਬੁੰਗੇ' ਜਾ ਪਹੁੰਚੇ। ਘੰਟਾ-ਕੁ ਓਥੇ ਕੀਰਤਨ ਕੀਤਾ।

ਕਈ ਵਾਰ ਕੁਦਰਤ ਐਹੋ ਜੇਹਾ ਮੌਕਿਆ-ਮੇਲ ਮਿਲਾਂ ਦੇਂਦੀ ਹੈ, ਜੋ ਸਾਡੇ ਚਿੱਤ-ਚੇਤੇ ਵੀ ਨਹੀਂ ਹੁੰਦਾ। ਬਾਬਾ ਫ਼ਰੀਦ ਜੀ ਦੇ ਕਹਿਣ ਵਾਂਗ :

'ਜੋ ਮਨਿ ਚਿਤਿ ਨ ਚੇਤੇ ਸਨਿ, ਸੋ ਗਾਲੀ ਰਬ ਕੀਆਂ।'

ਕੀਰਤਨ ਕਰਕੇ ਅਸੀਂ ਬੂੰਗਿਓਂ ਬਾਹਰ ਆ ਗਏ, ਤਾਂ ਪਤਾ ਲੱਗਾ, ਕਿ ਮੇਰੇ ਸਾਥੀ ਢੱਡਾਂ ਸਟੇਜ 'ਤੇ ਹੀ ਛੱਡ ਆਏ ਹਨ। ਖ਼ਿਆਲ ਔਂਦਿਆਂ ਉਹ ਦੋਵੇਂ ਪਿਛਾਂਹ ਮੁੜ ਗਏ, ਤੇ ਸਾਰੰਗੀ ਵਾਲਾ ਆਪਣੇ ਰਿਸ਼ਤੇਦਾਰਾਂ ਦੇ ਘਰ ਨੂੰ ਤੁਰ ਗਿਆ। ਮੈਂ ਸਾਥੀਆਂ ਦੀ ਉਡੀਕ ਵਿਚ ਗਲੀ 'ਚ ਇਕੱਲਾ ਰਹਿ ਗਿਆ।

ਭਾਵੇਂ ਅਸੀਂ ਨਿੱਤ ਅਰਦਾਸਾਂ ਕਰੀਏ, ਕਿ "ਅਉਖੀ ਘੜੀ ਨ ਦੇਖਣ ਦੇਈ", ਪਰ ਜਿਹੜੀ ਲੇਖਾਂ ਵਿਚ ਲਿਖੀ ਹੋਵੇ, ਉਹ ਘੜੀ ਟਲਦੀ ਨਹੀਂ।

ਸਾਥੀਆਂ ਦੇ ਅੱਖੋਂ ਉਹਲੇ ਹੋਣ ਦੀ ਦੇਰ ਸੀ, ਜਾਂ ਇਕ ਮੁਟਿਆਰ ਸਾਮ੍ਹਣੇ ਆ ਖਲੀ। ਹੱਥ ਜੋੜ ਕੇ ਕਹਿਣ ਲੱਗੀ, "ਆਹ ਵੇਖੋ, ਮੇਰੇ ਹੱਥਾਂ ਜੋੜਿਆਂ ਦੀ ਲਾਜ ਰੱਖੋ। ਸਾਲ ਹੋ ਗਿਆ ਏ, ਮੈਂ ਤੁਹਾਡੇ ਪਿੱਛੇ ਮਰਦੀ ਫਿਰਦੀ ਆਂ। ਕਮਰਾ ਕਰਾਏ 'ਤੇ ਲਿਆ ਹੋਇਆ ਏ। ਸਿਰਫ਼ ਅੱਜ ਦੀ ਰਾਤ।"

ਸੱਚ ਜਾਣੋ, ਮੈਂ ਉਸ ਵੇਲੇ ਏਨਾ ਡਰ ਗਿਆ ਸਾਂ, ਕਿ ਮੈਂ ਸੁਆਰ ਕੇ ਉਹਦੇ ਚੇਹਰੇ ਵੱਲੇ ਵੀ ਨਹੀਂ ਝਾਕ ਸਕਿਆ, ਕਿ ਉਹ 'ਸੋਹਣੀ' 'ਸੱਸੀ' ਸੀ, ਜਾਂ 'ਕਾਲੀ ਲੈਲਾ'।

"ਨਹੀਂ" ਮੈਂ ਵੱਧ ਤੋਂ ਵੱਧ ਰੁੱਖੀ ਸੁਰ ਵਿਚ ਕਿਹਾ।

ਪਰ ਉਹਨੇ ਹੌਸਲਾ ਨਾ ਹਾਰਿਆ। ਸਗੋਂ ਦੋਹਾਂ ਹੱਥਾਂ ਨਾਲ ਮੇਰੀ ਬਾਂਹ ਫੜ ਲਈ। "ਮੈਨੂੰ ਮਾਰੋ ਨਾ। ਨਹੀਂ ਤਾਂ ਮੈਂ ਕੁਛ ਖਾ ਕੇ ਮਰ ਜਾਵਾਂਗੀ।"

"ਨ-ਨ-ਨਹੀਂ।" ਮੈਂ ਏਨਾ ਘਬਰੱਗ ਗਿਆ ਸਾਂ, ਕਿ ਮੇਰੀ ਜ਼ਬਾਨ ਥਿੜਕਣ ਲੱਗ ਪਈ ਸੀ।

ਅਖਾਣ ਏਂ, ਕਿ ਔਖੀ ਵੇਲੇ ਉਹ ਪੱਥਰਾਂ 'ਚੋਂ ਬਹੁੜ ਪੈਂਦਾ ਏ। ਮੇਰੇ ਸਾਥੀਆਂ ਦੀ ਵਾਜ ਕੰਨੀ ਪਈ, ਤਾਂ ਮੇਰੀ-ਜਾਨ ਵਿਚ ਜਾਨ ਆਈ।

"ਉ ਛੇਤੀ ਕਰੋ।" ਮੈਂ ਏਨੀ ਉੱਚੀ ਕਿਹਾ, ਜਿਵੇਂ ਸੁੱਤਾ ਪਿਆ

ਆਦਮੀ ਬੜਾਂਦਾ ਏ।

ਉਹ ਦੇਵੀ ਛੇਤੀ ਨਾਲ ਮੇਰੀ ਬਾਂਹ ਛੱਡ ਕੇ ਗਲੀ ਦੀ ਇਕ ਕੰਧ ਨਾਲ ਲੱਗ ਕੇ ਬਹਿ ਗਈ।

ਓਥੋਂ ਇਕ ਭੀੜੀ ਜੇਹੀ ਹਨੇਰੀ ਗਲੀ ਪਰਕਰਮਾ ਵੱਲ ਜਾਂਦੀ ਸੀ, ਜੋ ਸਿੱਧੀ ਮੁਨਾਰੇ ਕੋਲ ਜਾ ਕੇ ਨਿਕਲਦੀ ਸੀ। ਅਸੀਂ ਓਸ ਗਲੀ ਪੈ ਗਏ।

ਉਸ ਦੇਵੀ ਨੇ ਹੌਂਸਲਾ ਨਾ ਹਾਰਿਆ। ਗਲੀ ਦੇ ਅੱਧ ਵਿਚ ਉਹਨੇ ਫੇਰ ਮੇਰਾ ਕੁੜਤਾ ਜਾ ਫੜਿਆ। ਬੜੀ ਮੁਸ਼ਕਲ ਨਾਲ ਮੈਂ ਕੁੜਤਾ ਛੁਡਾਇਆ। ਜੇ ਕੁੜਤਾ ਪਾਟ ਵੀ ਜਾਂਦਾ, ਤਾਂ 'ਯੂਸਫ਼' ਵਾਂਗ ਮੌਰਾਂ ਤੋਂ ਹੀ ਪਾਟਣਾ ਸੀ।

ਪਰਕਰਮਾਂ ਦੇ ਚਾਨਣ ਵਿਚ ਆ ਕੇ ਮੈਂ ਕੁਛ ਸੁਖ ਦਾ ਸਾਹ ਲਿਆ। ਪਰ ਜਦੋਂ ਇਨਸਾਨ ਆਪਣੇ ਕਿਸੇ ਕੁਦਰਤੀ ਵੇਗ ਦੇ ਅਧੀਨ ਹੋਵੇ, ਸੋਚ ਸ਼ਕਤੀ ਉਹਦਾ ਸਾਥ ਛੱਡ ਜਾਂਦੀ ਹੈ।

ਮੁਨਾਰੇ ਕੋਲ ਉਹਨੇ ਫੇਰ ਮੈਨੂੰ ਬਾਂਹੋਂ ਆ ਫੜਿਆ। ਮੈਂ ਪੂਰੇ ਗੁੱਸੇ ਨਾਲ ਝਿੜਕ ਕੇ ਕਿਹਾ, "ਕੀ ਕਰਦੀ ਏਂ ਮਾਈ!"

(ਭਾਵੇਂ ਖਰ੍ਹਵਾ ਬੋਲਣਾ ਮੇਰਾ ਸੁਭਾਉ ਨਹੀਂ। ਪਰ ਓਥੇ ਤਾਂ ਫ਼ਿਲਮ ਦੇ ਕਲਾਕਾਰ ਵਾਂਗ ਐਸਾ ਕਰਨਾ ਹੀ ਪਿਆ।)

ਛੇਤੀ ਨਾਲ ਉਹਨੇ ਮੇਰੀ ਬਾਂਹ ਛੱਡ ਦਿਤੀ।

ਮੈਂ ਸ਼ੁਕਰ ਕੀਤਾ। ਮੰਜੀ ਸਾਹਿਬ ਚੋਖੀ ਭੀੜ ਸੀ। ਉਦਾਲੇ ਵੀ ਬਹੁਤ ਸਾਰੇ ਲੋਕ ਖਲੇ ਸਨ। ਅਸੀਂ ਤਿੰਨੇ ਵੀ ਭੀੜ ਵਿਚ ਜਾ ਖਲੇ। ਮੈਂ ਸੋਚਿਆ, ਬਲੱਾ ਟਲ ਗਈ ਏ। ਪਰ ਉਹ ਤਾਂ ਪਰਛਾਵੇਂ ਵਾਂਗ ਮਗਰੇ ਮਗਰ ਆ ਰਹੀ ਸੀ। ਇਕ ਵਾਰ ਉਹਨੇ ਫੇਰ ਮੈਨੂੰ ਬਾਂਹੋਂ ਆ ਫੜਿਆ।

ਹੁਣ ਗੁਰੂ ਦੀ ਗੋਦ ਬਿਨਾਂ ਕੋਈ ਆਸਰਾ ਨਹੀਂ ਸੀ। ਮੈਂ ਸਾਥੀਆਂ ਨੂੰ ਕਿਹਾ, "ਚਲੋ, ਸਟੇਜ ਤੇ ਚੱਲੀਏ!" ਲੋਕਾਂ ਦੇ ਪੈਰ ਮਿਧਦੇ, ਤੇ ਕਈਆਂ ਦੀਆਂ ਕੌੜੀਆਂ ਕਸੈਲੀਆਂ ਸਹਿੰਦੇ, ਅਸੀਂ ਕੀਰਤਨ ਕਰ ਰਹੇ ਰਾਗੀ ਜਥੇ ਦੇ ਪਿਛਲੇ ਪਾਸੇ ਜਾ ਬੈਠੇ। ਮੇਰਾ ਦਿਲ ਕੁਛ

ਥਾਂਵੇਂ ਹੋਇਆ। ਆਪਣੇ ਆਪ ਨੂੰ ਹੌਸਲਾ ਦੇਂਦਿਆਂ ਕਿਹਾ, "ਹੁਣ ਸਮਰੱਥ ਪਿਤਾ ਦੀ ਗੋਦ ਵਿਚ ਕਿਸੇ ਦਾ ਭੈ ਨਹੀਂ।

ਪੰਦਰਾਂ ਵੀਹ ਮਿੰਟ ਬਹਿ ਕੇ ਪਿਛਲੇ ਪਾਸੇ ਦੀ ਲੰਘ ਕੇ ਅਸੀਂ ਇਕ ਮਿੱਤਰ ਦੇ ਘਰ ਜਾ ਸੱਤੇ, ਜਿੱਥੇ ਪਹਿਲਾਂ ਹੀ ਪਰਬੰਧ ਕੀਤਾ ਹੋਇਆ ਸੀ।

ਇਕ ਦੋ ਘਟਨਾਵਾਂ ਹੋਰ ਵੀ ਹੋਈਆਂ, ਪਰ ਉਹ ਏਨੀਆਂ ਖ਼ਤਰਨਾਕ ਨਹੀਂ ਸਨ। ਮਲਾਇਆ ਵਿਚ ਤਾਂ ਇਕ ਦੇਵੀ ਨੇ ਏਥੋਂ ਤਕ ਕਹਿ ਦਿਤਾ, "ਜਾਪਦਾ ਏ, ਤੁਸੀਂ ਪਿਛਲੇ ਜਨਮ ਵਿਚ ਇਸਤਰੀ ਸੀ।"

ਓਸੇ ਲਹਿਜੇ ਵਿਚ ਮੈਂ ਉਤਰ ਦਿਤਾ, "ਤੁਸੀਂ ਹੁਣ ਵੀ ਮੈਨੂੰ ਆਪਣੀ 'ਭੈਣ' ਹੀ ਸਮਝ ਲਵੋ, ਤਾਂ ਮੈਨੂੰ ਕੋਈ ਗਿਲ੍ਹਾ ਨਹੀਂ।"

ਮੇਰਾ ਨਿਸਚਾ ਹੈ, ਕਿ ਗੁਨਾਂਹ ਤੋਂ ਪਰਮਾਤਮਾ ਬਚਾਉਂਦਾ ਏ।

---

G.S.S.K.
26-9-1995

# ਉੱਦਮ ਵਿਚ ਜ਼ਿੰਦਗੀ ਹੈ

ਮੇਰੀ ਉਮਰ ਓਦੋਂ ਪੈਂਤੀ-ਛੱਤੀ ਸਾਲ ਦੀ ਸੀ। ਪਿੰਡੋਂ ਬਾਹਰਵਾਰ ਗੁਰਦੁਆਰਾ ਸੀ, ਜਿੱਥੇ ਅਸੀਂ ਕੀਰਤਨ ਕਰਨ ਗਏ ਸਾਂ। ਮੈਂ ਸਵੇਰੇ ਖੇਤਾਂ ਦੇ ਬੰਨੇ ਫਿਰਦਾ ਕੋਈ ਕਵਿਤਾ ਲਿਖ ਰਿਹਾ ਸਾਂ। ਨਾਲ ਦੀ ਪੈਲੀ ਵਿਚ ਦੋ ਜ਼ਿਮੀਦਾਰ ਹਲ ਵਾਹ ਰਹੇ ਸਨ। ਇਕ ਦੀ ਉਮਰ ਪਚਾਸੀ ਸਾਲ ਸੀ, ਦਰਮਿਆਨਾ ਕੱਦ ਤੇ ਛਾਂਟਵਾਂ ਜੇਹਾ ਚੁਸਤ ਸਰੀਰ। ਦੂਸਰਾ ਗਭਰੂ ਵੀਹ-ਬਾਈ ਸਾਲ ਦਾ ਸੀ।

ਮੈਨੂੰ ਵੇਖ ਕੇ ਉਹਨਾਂ ਹਲ ਖਲ੍ਹਾਰ ਦਿਤੇ। ਮੈਂ ਵੀ ਖਲੋ ਗਿਆ। ਉਹਨਾਂ ਸਾਫ਼ ਦਿਲ ਪੇਂਡੂਆਂ ਦੇ ਮਨਾਂ ਵਿਚ ਇਕ ਕੀਰਤਨੀਏਂ ਦਾ ਸਤਕਾਰ। ਮੈਥੋਂ ਪੰਜ-ਸੱਤ ਕਰਮਾਂ ਦੂਰ ਹੀ ਉਹਨਾਂ ਵਾਹਣ ਵਿਚ ਜੋੜੇ ਉਤਾਰ ਦਿਤੇ। ਨੇੜੇ ਆ ਕੇ ਉਹਨਾਂ ਬੜੇ ਸਤਕਾਰ ਨਾਲ ਹੱਥ ਜੋੜ ਕੇ ਫ਼ਤਹਿ ਬੁਲਾਈ।

ਪਹਿਲਾਂ ਉਹ ਗਭਰੂ ਬੋਲਿਆ, "ਬਾਬਾ ਜੀ! ਇਹ ਮੇਰਾ ਬਾਪੂ ਏ। ਮੈਂ ਤੁਹਾਡੇ ਕੋਲ ਇਹਦੀ ਸ਼ਕਾਇਤ ਕਰਨ ਆਇਆਂ।"

ਉਹ ਬਜ਼ੁਰਗ ਬੋਲਿਆ, "ਬਾਬਾ ਜੀ! ਬੇਨਤੀ ਮੇਰੀ ਵੀ ਸੁਣ ਲੈਣੀ, ਤੇ ਫੈਸਲਾ ਫੇਰ ਦੇਣਾ।"

ਅਜੀਬ ਰਿਸ਼ਤਾ। ਉਹ ਪਚਾਸੀ ਸਾਲ ਦਾ, ਤੇ ਮੈਂ ਪੈਂਤੀ ਸਾਲ ਦਾ। ਉਹ ਮੈਨੂੰ 'ਬਾਬਾ ਜੀ' ਆਖੇ, ਤੇ ਮੈਂ ਉਸ ਨੂੰ 'ਬਾਬਾ ਜੀ' ਕਹਾਂ।

ਪਹਿਲਾਂ ਗਭਰੂ ਨੇ ਕਿਹਾ, "ਬਾਬਾ ਜੀ! ਅਸੀਂ ਤਿੰਨ ਭਰਾ ਹਾਂ। ਮੈਂ ਸਭ ਤੋਂ ਛੋਟਾ ਹਾਂ। ਦੋ ਮੇਰੇ ਭਤੀਜੇ ਵੀ ਗਭਰੂ ਨੇ। ਦੋ ਸਾਡੇ ਹਲ ਨੇ, ਤੇ ਪੰਜ ਅਸੀਂ ਜੁਆਨ ਹਰ ਵੌਹਣ ਜੋਗੇ ਆਂ। ਅਸੀਂ ਬਾਪੂ ਦੀਆਂ ਮਿਨਤਾਂ ਕਰ ਥੱਕੇ ਆਂ, ਅੰਗ-ਸਾਕ ਕੱਠੇ ਕਰਕੇ ਪੈਰਾਂ 'ਤੇ ਪੱਗਾਂ ਧਰ ਹਟੇ ਆਂ, ਪਰ ਇਹ ਹਲ ਵੌਹਣ ਦੀ ਜ਼ਿਦ ਨਹੀਂ ਛਡਦਾ। ਲੋਕੀਂ ਝੇੜਾਂ ਕਰਨ ਵਾਲੇ ਸਾਨੂੰ ਟਿਕਣ ਨਹੀਂ ਦੇਂਦੇ। ਤੁਸੀਂ ਹੀ ਇਹਨੂੰ ਸਮਝਾਓ।"

ਮੇਰੀ ਰਾਏ ਸੁਣਨ ਤੋਂ ਪਹਿਲਾਂ ਹੀ ਉਹ ਬਜ਼ੁਰਗ ਬੋਲ ਉੱਠਿਆ।

"ਬਾਬਾ ਜੀ ! ਮੈਂ ਇਹਨਾਂ 'ਤੇ ਬਹੁਤ ਖ਼ੁਸ਼ ਆਂ । ਇਹ ਸ਼ਰਾਬ ਨਹੀਂ ਪੀਂਦੇ । ਕਿਸੇ ਨਾਲ ਲੜਦੇ ਝਗੜਦੇ ਨਹੀਂ । ਕੋਈ ਉਲਾਹਮਾਂ ਨਹੀਂ ਦੁਆਂਦੇ । ਨਹੀਂ ਤਾਂ ਜਿਸ ਜੱਟ ਦੇ ਪੰਜ ਡਾਂਗਾਂ ਫੜਨ ਵਾਲੇ ਹੋਣ, ਉਹਨੂੰ ਤਾਂ ਠਾਣਿਓਂ ਵਿਹਲ ਨਹੀਂ ਮਿਲਦੀ । ਜਿੱਥੋਂ ਤਕ ਹਲ ਵੌਹਣ ਦੀ ਗੱਲ ਏ, ਮੈਂ ਆਹਨਾਂ, ਜੇ ਮੈਂ ਤੁਹਾਥੋਂ ਮਾੜਾ ਵੌਂਹਦਾਂ, ਤਾਂ ਛੱਡ ਦੇਂਦਾਂ । ਮੇਰਾ ਸਵਾਲ ਏ, ਮੈਂ ਇਹਨਾਂ ਨੂੰ ਜਨਮ ਦਿਤਾ ਏ । ਜਿੰਨਾ ਚਿਰ ਮੇਰਾ ਸਰੀਰ ਚਲਦਾ ਏ, ਮੈਂ ਇਹਨਾਂ ਦੀ ਕਮਾਈ ਖਾਵਾਂ ?"

ਕਿੰਨਾ ਚਿਰ ਮੈਂ ਉਸ ਬਜ਼ੁਰਗ ਦੀ ਆਖ਼ਰੀ ਗੱਲ ਬਾਰੇ ਸੋਚਦਾ ਰਿਹਾ । 'ਮਰਦ ਦੀ ਇੱਜ਼ਤ ਓਨਾ ਚਿਰ ਹੀ ਹੈ, ਜਿੰਨਾ ਚਿਰ ਉਹ ਕਮਾ ਕੇ ਖਾਂਦਾ ਏ ।' ਤੇ 'ਜੋ ਆਪਣੀ ਕਮਾ ਕੇ ਖਾਣ ਵਿਚ ਸੁਆਦ ਹੈ, ਉਹ ਕਿਸੇ ਦੀ ਕਮਾਈ ਹੋਈ ਵਿਚ ਨਹੀਂ ।'

ਨਾਲ ਲਗਦੀ ਇਕ ਹੋਰ ਗੱਲ ਯਾਦ ਆ ਗਈ । ਸਾਡੇ ਪਿੰਡ ਇਕ ਬਜ਼ੁਰਗ ਸਨ । ਉਸ ਵੇਲੇ ਉਹਨਾਂ ਦੀ ਉਮਰ ਸੌ ਸਾਲ ਤੋਂ ਉਪਰ ਸੀ । ਕੁੱਬ ਨਿਕਲਿਆ ਹੋਇਆ ਸੀ, ਤੇ ਬੜੇ ਔਖੇ ਹੋ ਕੇ ਤੁਰਦੇ ਸਨ । ਉਸ ਵੇਲੇ ਉਹਨਾਂ ਦੇ ਪੜੋਤਰੇ ਵੀ ਵਾਹਵਾ ਗਭਰੂ ਸਨ । ਮੀਲ ਕੁ ਦੀ ਦੂਰੀ 'ਤੇ ਸੀ ਉਹਨਾਂ ਦਾ ਖੇਤ । ਸਵੇਰੇ ਉਠ ਕੇ ਉਹ ਖੇਤ ਨੂੰ ਤੁਰ ਜਾਂਦੇ, ਤੇ ਓਥੋਂ ਘਾਹ ਖੋਤ ਕੇ ਲਿਔਂਦੇ । ਲੋਕ ਉਹਦੇ ਪੋਤਰਿਆਂ ਜਾਂ ਪੜੋਤਰਿਆਂ ਨੂੰ ਮਿਹਣਾ ਦੇਂਦੇ, ਤਾਂ ਉਹਨਾਂ ਦਾ ਅੱਗੋਂ ਉੱਤਰ ਹੁੰਦਾ, "ਕਿਉਂ, ਉਹ ਖਾਂਦਾ ਨਹੀਂ ?"

ਯਾਦ ਰੱਖੋ, ਇੱਜ਼ਤ ਕਮਾ ਕੇ ਖਾਣ ਵਿਚ ਹੀ ਹੈ ।

---

G.S.S.K.
26-9-1995.

# ਕੰਧਾਂ ਬੋਲਦੀਆਂ ਹਨ

ਪੰਜਾ ਸਾਹਿਬ ਕਮੇਟੀ ਦੇ ਬੁਲਾਏ ਹੋਏ, ਅਸੀਂ ਪਹਿਲੀ ਵਾਰ ਉਥੇ 'ਵਸਾਖੀ' ਦੇ ਪੁਰਬ 'ਤੇ ਗਏ। ਬਹੁਤ ਮਨ-ਮੋਹਣ ਵਾਲਾ ਨਜ਼ਾਰਾ। ਦੱਖਣ ਦੀ ਬਾਹੀ ਨਦੀ ਤਕ ਫਿਰ ਕੇ ਇਲਾਕਾ ਵੇਖਿਆ। ਥਾਂ ਥਾਂ ਖੇਤਾਂ ਵਿਚ ਨਿੱਕੇ ਨਿੱਕੇ ਚਸ਼ਮਿਆਂ ਵਿਚੋਂ ਫੁੱਟ ਫੁੱਟ ਕੇ ਪਾਣੀ ਵਗ ਰਿਹਾ ਸੀ। ਫਿਰ ਗੁਰਦੁਆਰੇ ਦੀ ਬੜੀ ਅਨੋਖੀ ਸ਼ਾਨ। 'ਵਲੀ ਕੰਧਾਰੀ ਦੀ ਕਹਾਣੀ' ਹੱਮੈ ਨਮਰਤਾ ਦੇ ਚਰਨਾਂ ਵਿਚ ਝੁਕੀ ਹੋਈ। ਜ਼ਿੰਦਗੀ ਦਾ ਸੁਆਦ ਆ ਗਿਆ।

ਅਸਲ ਵਿਚ ਗੁਰੂ ਘਰ ਦਾ ਢਾਡੀ ਬਣ ਕੇ ਮੈਂ ਏਨਾ ਕੁਛ ਵਖਿਆ ਹੈ, ਜਿੰਨਾ ਕੋਈ ਕਰੋੜ ਪਤੀ ਵੀ ਨਹੀਂ ਵੇਖ ਸਕਦਾ। ਸਾਰਾ ਭਾਰਤ : ਕਰਾਚੀ, ਕੋਇਟਾ, ਪਿਸ਼ਾਵਰ, ਕਲਕੱਤਾ, ਮਦਰਾਸ, ਬੰਬਈ। ਤੇ ਕੁਛ ਬਾਹਰ ਦੇ ਮੁਲਕ ਵੀ।

ਬਾਬਰ ਨੇ ਕਸ਼ਮੀਰ ਬਾਰੇ ਕਿਹਾ ਸੀ :

"ਅਗਰ ਫ਼ਰਦੌਸ ਬਰ ਰੂਏ ਜ਼ਮੀਨਸਤ।
ਹਮੀਨਸਤੋ, ਹਮੀਨਸਤੋ, ਹਮੀਨਸਤ।"
(ਜੇ ਧਰਤੀ ਉਤੇ ਕੋਈ ਬਹਿਸ਼ਤ ਹੈ, ਤਾਂ ਏਹੀ ਹੈ, ਏਹੀ ਹੈ, ਏਹੀ ਹੈ।)

ਸੋ ਕਸ਼ਮੀਰ ਵੀ ਕਈ ਚੱਕਰ ਲਾਏ। ਪਰ ਸਭ ਬੇਗਾਨੇ ਖ਼ਰਚ 'ਤੇ। ਭਾਵ, ਜਿੱਥੇ ਕਿਸੇ ਨੇ ਬੁਲਾਇਆ, ਨਾਲੇ ਸੈਰ ਕਰ ਆਏ, ਨਾਲੇ ਭੇਟਾ ਲੈ ਆਏ।

ਪੰਜਾ ਸਾਹਿਬ ਤੋਂ ਪਰਤਦੇ ਹੋਏ ਅਸੀਂ 'ਟੈਕਸਲਾ' ਦੇ ਖੰਡਰ ਵੇਖਣ ਗਏ। ਸਦੀਆਂ ਪੁਰਾਣਾ ਸ਼ਹਿਰ ਦੋ-ਦੋ ਫੁੱਟ ਉੱਚੀਆਂ ਕੰਧਾਂ ਵਿਚ ਸੁੱਤਾ ਪਿਆ ਹੈ। ਕਦੇ ਸਾਰੇ ਭਾਰਤ ਵਿਚ ਉਹ ਸੰਸਕ੍ਰਿਤ ਦੀ ਵੱਡੀ ਯੂਨੀਵਰਸਿਟੀ ਸੀ। ਵੇਦਾਂ ਦੇ ਬਹੁਤੇ ਮੰਤਰ ਏਥੇ (ਜਾਂ ਏਸੇ ਇਲਾਕੇ ਵਿਚ) ਹੀ ਉਚਾਰੇ ਗਏ ਹਨ। ਪਰ ਅੱਜ ? ਵੱਖ ਵੱਖ ਬਣਤਰ ਦੇ ਅਹਾਤੇ, ਸਿਰਫ਼ ਦੋ-ਦੋ ਫੁੱਟ ਕੰਧਾਂ। ਪੜਚੋਲੀਆਂ ਨੇ ਕਿਆਸ ਲਾ ਕੇ

ਰਾਏ ਪੱਕੀ ਕੀਤੀ, "ਐਥੇ ਲਾਇਬਰੇਰੀ ਸੀ, ਅਹਿ ਵਿਦਿਆਰਥੀ ਭਵਨ ਸੀ, ਅਹਿ ਪਰਯੋਗਸ਼ਾਲਾ ਸੀ, ਅਹਿ ਨਾਚ ਘਰ ਸੀ, ਐਸ ਭਵਨ ਵਿਚ ਬਜ਼ੁਰਗ ਰਿਸ਼ੀ ਰਹਿੰਦੇ ਸਨ, ਐਥੇ ਆਹ ਸੀ, ਐਥੇ ਆਹ ਸੀ।"

ਅਫ਼ਸੋਸ, ਕੰਧਾਂ ਬੋਲ ਕੇ ਦੱਸ ਸਕਦੀਆਂ, ਕਿੱਥੇ ਕੀ ਸੀ, ਤੇ ਕਿੱਥੇ ਕੀ ?

ਪਰ ਮੈਂ ਕਈ ਵਾਰ ਸੋਚਦਾ ਹਾਂ, ਕਿ ਕੰਧਾਂ ਤਾਂ ਬੋਲਦੀਆਂ ਹਨ, ਪਰ ਅਸੀਂ ਹੁਣ ਉਹਨਾਂ ਦੀ ਬੋਲੀ ਨਹੀਂ ਸਮਝ ਸਕਦੇ। ਸਦੀਆਂ ਬਾਹਦ ਬੋਲੀ ਵੀ ਬਦਲ ਜਾਂਦੀ ਹੈ।

ਮਿੰਟਗੁਮਰੀ ਪ੍ਰੋਗਰਾਮ 'ਤੇ ਗਏ। ਭਲਾ ਉਥੇ ਜਾ ਕੇ ਕੋਈ 'ਹੜੱਪਾ' ਵੇਖੇ ਬਿਨਾਂ ਕਿਵੇਂ ਰਹਿ ਸਕਦਾ ਹੈ। ਓਹ ਫੁੱਟ ਫੁੱਟ, ਡੇਢ ਡੇਢ ਫੁੱਟ ਨੀਆਂ। ਕਿਤੇ ਪੁਰਾਣੇ ਨਮੂਨੇ ਦੀਆਂ ਇੱਟਾਂ ਦੀਆਂ, ਕਿਤੇ ਪੱਥਰਾਂ ਦੀਆਂ। ਪੜਚੋਲੀਆਂ ਦੇ ਵੱਸ ਪੈ ਗਈਆਂ ਸਦੀਆਂ ਦੀਆਂ ਸੁੱਤੀਆਂ ਜ਼ਿੰਦਗੀਆਂ। ਕਿਤੋਂ ਟੁੱਟੀਆ ਹੋਈਆਂ ਦੋ ਸ਼ੀਸ਼ੀਆਂ ਮਿਲ ਗਈਆਂ, ਤਾਂ ਪੜਚੋਲੀਆਂ ਨੇ ਫ਼ੈਸਲਾ ਦੇ ਦਿਤਾ 'ਇਹ ਖ਼ਰੈਤੀ ਹਸਪਤਾਲ ਸੀ, ਜਿੱਥੇ ਹਰ ਅਮੀਰ ਗਰੀਬ ਦਾ ਇਲਾਜ ਮੁਫ਼ਤ ਹੁੰਦਾ ਸੀ।'

ਕਿਤੋਂ ਚਾਂਦੀ ਦੇ ਦੋ ਬੋਰ ਟੁੱਟੇ ਹੋਏ ਮਿਲ ਗਏ, ਤਾਂ ਸ਼ੌਕੀਨ ਸੁਭਾ ਦੇ ਕਿਸੇ ਪੜਚੋਲੀਏ ਨੇ ਫ਼ੈਸਲਾ ਦੇ ਦਿਤਾ, 'ਇਹ ਨਾਚ ਘਰ ਸੀ, ਜਿੱਥੇ ਪਰੀਆਂ ਨਾਚ ਕਰਿਆ ਕਰਦੀਆਂ ਸਨ।'

ਹਰ ਅਹਾਤੇ ਦਾ ਵੱਖਰਾ ਵੱਖਰਾ ਨਾਂ ਰਖ ਕੇ ਵਿਚ ਫੱਟੀਆਂ ਲਾ ਦਿਤੀਆਂ ਗਈਆਂ।

ਅਸੀਂ ਬੜੇ ਚੱ ਨਾਲ ਵੇਖਣ ਗਏ, ਪਰ 'ਹਉਕਿਆਂ ਦੀ ਸੌਗਾਤ' ਲੈ ਕੇ ਵਾਪਸ ਪਰਤੇ।

---

G.S.Sk.
27-9-1995 -

# ਆਈ ਆਜ਼ਾਦੀ, ਆਈ ਆਜ਼ਾਦੀ

'ਮਹਾਂਭਾਰਤ' ਤੋਂ ਲੈ ਕੇ ੧੮੪੯ ਈ. ਤਕ ਭਾਰਤ ਕਦੇ ਵੀ 'ਇਕ ਦੇਸ' ਨਹੀਂ ਸੀ ਬਣਿਆਂ। ਇਹ ਬਹੁਤ ਸਾਰੇ ਸੁਤੰਤਰ, ਜਾਂ ਅਰਧ-ਸੁਤੰਤਰ ਰਾਜਵਾੜਿਆਂ ਵਿਚ ਵੰਡਿਆ ਹੋਇਆ ਸੀ। ਜਿਹੜਾ ਜ਼ਰਾ-ਕੁ ਦੂਸਰਿਆਂ ਨਾਲੋਂ ਬਲੀ ਹੋਇਆ, ਉਹਨੇ 'ਅਸਵਮੇਧ' ਯੱਗ ਵਾਸਤੇ ਘੋੜਾ ਛੱਡਿਆ। ਕਿਸੇ ਤੋਂ ਲੜ ਕੇ, ਤੇ ਕਿਸੇ ਤੋਂ ਦਬੱਾ ਪਾ ਕੇ ਹੀ ਕੁਛ ਨਜ਼ਰਾਨਾ ਲਿਆ। ਉਸ ਤੋਂ ਪਿੱਛੋਂ ਰਾਜ-ਬਣਤਰ ਫਿਰ ਓਹਾ ਰਹੀ।

ਅੰਗਰੇਜ਼ ਆਏ। ਕੁਝ ਫ਼ਰਾਂਸੀਸੀ ਤੇ ਪੁਰਤਗਾਲੀ ਵੀ ਆਏ। ਉਹਨਾਂ ਭਾਰਤ ਵਿਚ ਪੈਰ ਜਮਾਉਣੇ ਸ਼ੁਰੂ ਕਰ ਦਿਤੇ। ਪਰ ਵਧੇਰੇ ਅੰਗਰੇਜ਼ ਹੀ ਸਫਲ ਹੋਏ। ੧੮੪੯ ਈ. ਵਿਚ ਪੰਜਾਬ ਫ਼ਤਹਿ ਕਰਕੇ ਉਹਨਾਂ ਸਾਰੇ ਭਾਰਤ ਉਤੇ ਆਪਣਾ ਝੰਡਾ ਝੁਲਾੱ ਦਿਤਾ।

੧੮੫੭ ਦਾ ਗ਼ਦਰ, ਜੋ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ 'ਜ਼ਫ਼ਰ' ਦੇ ਨਾਮ ਥੱਲੇ ਲੜਿਆ ਗਿਆ ਸੀ, ਉਸ 'ਤੇ ਕਾਬੂ ਪਾ ਲੈਣ ਪਿੱਛੋਂ ਅੰਗਰੇਜ਼ਾਂ ਦੇ ਬਾਦਸ਼ਾਹ (ਮਲਕਾ) ਨੇ ਭਾਰਤ ਨੂੰ ਆਪਣੇ ਤਾਜ ਥੱਲੇ ਲਿਆ। ਉਸ ਤੋਂ ਪਹਿਲਾਂ 'ਈਸਟ ਇੰਡੀਆ ਕੰਪਨੀ' ਹੀ ਰਾਜ ਕਰਦੀ ਰਹੀ।

ਏਨੀ ਲੰਮੀ ਟੂਕ ਤੋਂ ਮੇਰਾ ਮਤਲਿਬ ਹੈ, ਕਿ ਅੰਗਰੇਜ਼ਾਂ ਨੇ ਸਾਡੇ ਉਤੇ ਬਹੁਤ ਜ਼ੁਲਮ ਕੀਤੇ, ਪਰ ਉਹ ਇਸ ਦੇਸ ਨੂੰ ਇਕ ਝੰਡੇ ਥੱਲੇ ਇਕੱਠਾ ਕਰ ਗਏ।

੧੯੪੭ ਈ. ਵਿਚ ਅਸਾਂ ਅੰਗਰੇਜ਼ਾਂ ਤੋਂ ਛੁਟਕਾਰਾ ਪਾ ਲਿਆ, ਆਜ਼ਾਦ ਹੋ ਗਏ, ਪਰ ਦੇਸ ਨੂੰ 'ਇੱਕ' ਨਾ ਰੱਖ ਸੱਕੇ। ਉਸ ਦੇ ਤਿੰਨ ਟੁਕੜੇ ਕਰ ਲਏ। ਕੀ ਕੋਈ ਲੀਡਰ ਇਸ ਗ਼ਲਤੀ ਨੂੰ ਵੀ ਪਰਵਾਨ ਕਰੇਗਾ? ਨਹੀਂ। ਸਾਡੇ ਕਿਸੇ ਵੱਡੇ ਤੋਂ ਵੱਡੇ ਆਗੂ ਵਿਚ ਵੀ ਇਹ ਇਖ਼ਲਾਕੀ ਦਲੇਰੀ ਨਹੀਂ।

ਆਜ਼ਾਦੀ ਆ ਗਈ। ਦੇਸ ਵੰਡਿਆ ਗਿਆ। ਲਹੂ ਦੀਆਂ ਨਦੀਆਂ ਵਗੀਆਂ। ਹਜ਼ਾਰਾਂ ਮਰੇ ਤੇ ਲੱਖਾਂ ਘਰਾਂ ਤੋਂ ਉੱਜੜੇ। ਪਰ ਸਾਡੇ ਲੀਡਰ ਦਮ-ਗਜੇ ਮਾਰਦੇ ਸਨ, ਕਿ ਅਸਾਂ ਬਿਨਾਂ ਲਹੂ ਦੀ ਬੂੰਦ ਡੁੱਲ੍ਹੇ, ਦੇਸ ਆਜ਼ਾਦ ਕਰਾ ਲਿਆ।

ਉਹ ਸੱਚ ਕਹਿੰਦੇ ਸਨ, ਕਿਉਂਕਿ ਸਾਰੇ ਭਾਰਤ ਵਿਚ ਕਿਸੇ ਇਕ ਲੀਡਰ ਦਾ ਵੀ ਲਹੂ ਨਹੀਂ ਸੀ ਡੁਲ੍ਹਿਆ। ਤੇ ਗ਼ਰੀਬਾਂ ਦਾ ਕੀ ਏ। ਉਹਨਾਂ ਵਿੱਚ ਲਹੂ ਹੁੰਦਾ ਹੀ ਕਦੋਂ ਏਂ।

ਆਜ਼ਾਦੀ ਆ ਗਈ। ਅੰਗਰੇਜ਼ਾਂ ਦਾ ਇਕ ਕੀਤਾ ਭਾਰਤ ਵੰਡਿਆ ਗਿਆ। ਇਹ ਭਾਰਤ ਦੇ ਲੀਡਰਾਂ ਦੀ ਰਾਜਨੀਤਕ ਹਾਰ ਸੀ।

੧੪ ਅਗਸਤ ਨੂੰ ਪਾਕਸਤਾਨ ਨੇ ਰਾਜ-ਸੱਤਿਆ ਸੰਭਾਲੀ, ਤੇ ੧੫ ਅਗਸਤ ਨੂੰ ਭਾਰਤ ਨੇ। ਪਰਧਾਨ ਮੰਤਰੀ ਬਣੇ ਪੰਡਤ ਜਵਾਹਰ ਲਾਲ ਨਹਿਰੂ।

ਸਾਡਾ ਪਿੰਡ ਦੋਹਾਂ ਮੁਲਕਾਂ ਦੀ ਮਿਲਦੀ ਹੱਦ ਉਤੇ ਲਟਕਿਆ ਹੋਇਆ ਸੀ। ਸਾਨੂੰ ਇਹ ਪਤਾ ਨਹੀਂ ਸੀ, ਕਿ ਅਸੀਂ ਭਾਰਤੀ ਹਾਂ, ਜਾਂ ਪਾਕਸਤਾਨੀ। 'ਹੱਦਬੰਦੀ ਕਮਿਸ਼ਨ' ਨੇ ਅਜੇ ਹੱਦ ਦਾ ਫ਼ੈਸਲਾ ਕਰਨਾ ਸੀ। ਸਾਡੇ ਨੁਮਾਇੰਦੇ ਭਰੋਸਾ ਦੁਆਉਂਦੇ ਸਨ, ਕਿ ਲਾਹੌਰ ਸ਼ਹਿਰ ਤਾਂ ਪਾਕਿਸਤਾਨ ਵਿਚ ਜਾਏਗਾ, ਪਰ ਮੀਆਂ ਮੀਰ ਵਾਲੀ ਨਹਿਰ ਤੋਂ ਚੜ੍ਹਦੇ ਪਾਸੇ ਦਾ ਸਾਰਾ ਜ਼ਿਲ੍ਹਾ ਭਾਰਤ ਵਿਚ ਰਹੇਗਾ।

ਸਤਾਰਾਂ ਅਗਸਤ ਨੂੰ ਸਾਨੂੰ ਪਤਾ ਲੱਗਾ, ਕਿ ਸਾਡਾ ਪਿੰਡ ਪਾਕਿਸਤਾਨ ਵਿਚ ਹੈ। ਇਉਂ ਸਮਝੋ, ਕਿ ਸਾਡੇ ਉਤੇ ਬਿਨ-ਬਦਲੋਂ ਬਿਜਲੀ ਆ ਗਿਰੀ।

---

G.S.S.K.
27-9-1995.

# ਸ਼ੈਤਾਨ-ਦੇਵਤਾ

ਸਿਰਲੇਖ ਬੜਾ ਅਜੀਬ ਜੇਹਾ ਜਾਪੇਗਾ । ਸ਼ੈਤਾਨ ਦੇਵਤਾ ਹੈ, ਜਾਂ ਦੇਵਤਾ ਸ਼ੈਤਾਨ ਹੈ । ਕਹਾਣੀਕਾਰ ਨੇ ਤਾਂ ਕਹਾਣੀ ਕਹਿਣੀ ਹੈ। ਫ਼ੈਸਲਾ ਪਾਠਕ ਦੇ ਹੱਥ ਹੈ।

ਦੇਸ ਵੰਡਿਆ ਗਿਆ । ਚੜ੍ਹਦੇ ਪਾਸਿਓਂ ਮੁਸਲਮਾਨ ਤੇ ਲਹਿੰਦੇ ਪਾਸਿਓਂ ਹਿੰਦੂ ਸਿੱਖ ਉੱਜੜਨੇ ਸ਼ੁਰੂ ਹੋ ਗਏ। ਇਨਸਾਨ ਇਨਸਾਨ ਨਾ ਰਿਹਾ, ਮਾਰ-ਖ਼ੋਰਾ ਹੈਵਾਨ ਬਣ ਗਿਆ। ਉੱਜੜ ਕੇ ਔਣ ਵਾਲੇ ਫੱਟ ਖਾਧੇ ਸੱਪ ਵਾਂਗ ਵਧੇਰੇ ਜ਼ਹਿਰੀਲੇ ਹੋ ਗਏ।

ਕਸੂਰ ਤੋਂ ਲਹਿੰਦੇ ਪਾਸੇ ਇਕ ਛੋਟਾ ਜਿਹਾ ਪਿੰਡ 'ਬੁਗਰੀ' ਹੈ। ਉਸ ਵਿਚ ਹਿੰਦੂਆਂ ਸਿੱਖਾਂ ਦੀ ਵਸੋਂ ਥੋੜੀ ਹੀ ਸੀ। ਪਰ ਹਿੰਦੂ ਸਿੱਖ ਤੇ ਮੁਸਲਮਾਨ ਸਾਰੇ ਭਰਾਵਾਂ ਵਾਂਗ ਰਹਿੰਦੇ ਸਨ।ਆਜ਼ਾਦੀ ਨੇ ਸਭ ਦੇ ਦਿਲ ਬਦਲ ਦਿਤੇ।

ਤਰਨਤਾਰਨ ਤੇ ਪੱਟੀ ਆਦਿ ਤੋਂ ਉੱਜੜ ਕੇ ਔਣ ਵਾਲੇ ਮੁਸਲ-ਮਾਨ ਵਧੇਰੇ ਕਸੂਰ ਵਿਚ ਆ ਇਕੱਠੇ ਹੋਏ। ਕੁਛ ਕਸੂਰ ਦੇ ਗ਼ਾਜ਼ੀ ਤੇ ਲੁਟੇਰੇ ਇਕੱਠੇ ਹੋ ਗਏ । ਸੋਲਾਂ ਅਗਸਤ ਨੂੰ ਸਵੇਰੇ ਉਠ ਕੇ ਉਹ 'ਬੁਗਰੀ' 'ਤੇ ਪਏ । ਕੁਛ ਹਿੰਦੂ ਸਿੱਖ ਮਾਰੇ ਗਏ, ਕੁਛ ਜਾਨਾਂ ਬਚਾ ਕੇ ਨੱਸ ਗਏ। ਤੇ ਬੀਬੀਆਂ ?

ਉਹ ਹੋ ! ਸ਼ਰਾਰਤ ਮਰਦਾਂ ਦੀ ਹੁੰਦੀ ਹੈ, ਤੇ ਸਜ਼ਾ ਉਹਨਾਂ ਦੀਆਂ ਧੀਆਂ ਭੈਣਾਂ ਨੂੰ ਭੁਗਤਣੀ ਪੈਂਦੀ ਹੈ।

'ਬੁਗਰੀ' ਵਿਚ ਇਕ ਮੁਸਲਮਾਨ ਆਜੜੀ ਰਹਿੰਦਾ ਸੀ। ਛੇ ਫੁੱਟ ਕੱਦ, ਦੋ ਬੰਦਿਆਂ 'ਤੇ ਭਾਰੂ, ਤੇ ਕਿਹੜਾ ਕੁਕਰਮ ਸੀ, ਜੋ ਉਹਨੇ ਨਾ ਕੀਤਾ ਹੋਵੇ। ਪਿੰਡੋਂ ਪਹਾੜ ਦੀ ਬਾਹੀ ਸੌ-ਕੁ ਗਜ਼ ਦੀ ਵਿੱਥ ਉਤੇ ਉਹਦਾ ਬਕਰੀਆਂ ਦਾ ਵਾੜਾ ਸੀ। ਉਦਾਲੇ ਛਾਪਿਆਂ ਦੀ ਵਾੜ ਤੇ ਵਿਚਕਾਰ ਇਕ ਕੱਚਾ ਕੋਠਾ। ਓਹਾ ਉਹਦਾ ਘਰ ਸੀ। ਸ਼ਾਮ ਦੇ ਵੇਲੇ ਕੋਈ ਮੁਸਲਮਾਨ ਇਸਤਰੀ ਵੀ ਡਰਦੀ ਓਸ ਪਾਸੇ ਨਹੀਂ ਸੀ ਨਿਕਲਦੀ।

ਮੁਸਲਮਾਨਾਂ ਦਾ ਹਜੂਮ ਬੁਗਰੀ 'ਤੇ ਪਿਆ, ਤਾਂ ਕੁਛ ਹਿੰਦੂ ਸਿੱਖ ਲੜਕੀਆਂ ਜੀ-ਭਿਆਣੀਆਂ ਓਸੇ ਪਾਸੇ ਉੱਠ ਭੱਜੀਆਂ। ਉਸ ਵੇਲੇ ਸ਼ਾਮ ਪੈਣ ਵਾਲੀ ਸੀ। ਉਹ ਆਜੜੀ ਆਪਣੇ ਵਾੜੇ ਅੱਗੇ ਬਰਛੀ ਲਈ ਖਲਾ ਸੀ। ਉਹਨੇ ਹੌਸਲਾ ਦੇਂਦਿਆਂ ਕਿਹਾ, "ਕੁੜੀਓ! ਤੁਸੀਂ ਮੇਰੀਆਂ ਧੀਆਂ ਹੋ। ਮੇਰੇ ਕਮਰੇ 'ਚ ਵੜ ਜਾਓ। ਤੁਹਾਡੀ ਇੱਜ਼ਤ ਦੀ ਰਾਖੀ ਮੈਂ ਕਰਾਂਗਾ।"

ਅਖਾਣ ਹੈ, ਡੁਬਦੇ ਨੂੰ ਤਿਨਕੇ ਦਾ ਸਹਾਰਾ। ਜਹਾਜ਼ ਨੂੰ ਅੱਗ ਲਗ ਜਾਏ, ਤਾਂ ਆਦਮੀ ਪਾਣੀ ਵਿਚ ਛਾਲ ਮਾਰ ਦੇਂਦਾ ਹੈ। ਏਸ ਆਸ 'ਤੇ, ਕਿ ਭਲਾ ਕੋਈ ਡੁੱਬਣ ਤੋਂ ਪਹਿਲਾਂ ਬਚਾ ਲਵੇ ਤਾਂ। ਉਹ ਲੜਕੀਆਂ ਉਸਦੇ ਕੋਠੇ ਵਿਚ ਜਾ ਵੜੀਆਂ। ਉਹਨੇ ਕੋਠੇ ਨੂੰ ਜੰਦਰਾ ਮਾਰ ਦਿਤਾ, ਤੇ ਆਪ ਬਰਛੀ ਫੜ ਕੇ ਵਾੜੇ ਦੇ ਬੂਹੇ ਅੱਗੇ ਜਾ ਖਲੋਤਾ।

ਪਿੱਛੋਂ ਲਾਲਾ-ਲਾਲਾ ਕਰਦੇ ਪੰਦਰਾਂ-ਵੀਹ ਮੁਸਲਮਾਨ ਆ ਗਏ। ਇਕ ਮੌਲਵੀ-ਨੁਮਾ ਮਾੜਚੂ ਜੇਹੇ ਨੇ ਕਿਹਾ, "ਮੈਂ ਆਪ ਵੇਖੀਆਂ ਨੇ। ਉਹ ਕਾਫ਼ਰਾਂ ਦੀਆਂ ਕੁੜੀਆਂ ਐਸ ਕੋਠੇ ਵਿਚ ਵੜੀਆਂ ਨੇ।"

"ਕਾਫ਼ਰਾਂ ਦੀਆਂ ਨਹੀਂ, ਉਹ ਮੇਰੀਆਂ ਧੀਆਂ ਨੇ। ਮੇਰੇ ਜਿਉਂਦਿਆਂ ਕੋਈ ਉਹਨਾਂ ਦੀ ਵਾ ਵੱਲ ਨਹੀਂ ਵੇਖ ਸਕਦਾ। ਆਓ, ਜੀਹਨੇ ਔਣਾ ਏਂ। ਪਰ ਸੋਚ ਲਵੋ, ਮੈਂ ਪੰਜਾਂ-ਸੱਤਾਂ ਨੂੰ ਮਾਰ ਕੇ ਮਰਾਂਗਾ।"

ਕਿਸੇ ਦੀ ਹਿੰਮਤ ਨਹੀਂ ਪਈ ਅਗ੍ਹਾਂ ਵਧਣ ਦੀ। ਦੂਰੋਂ ਹੀ ਗਾਹਲਾਂ ਕਢਦੇ ਉਹ ਪਿਛਾਂਹ ਮੁੜ ਗਏ।

ਉਹਨਾਂ ਲੜਕੀਆਂ ਨੇ ਦੱਸਿਆ, "ਸਾਰੀ ਰਾਤ ਉਹ ਬੂਹੇ ਅੱਗੇ ਖਲਾ 'ਅੱਲਾ-ਹੂ, ਅੱਲਾ-ਹੂ' (ਅੱਲਾ ਹੈ) ਕਰਦਾ ਰਿਹਾ।"

ਲੁਟੇਰੇ ਆਪਣਾ ਕੰਮ ਭੁਗਤਾ ਕੇ ਚਲੇ ਗਏ। ਦਿਨ ਚੜ੍ਹਿਆ।

ਉਸ ਨੇ ਬੂਹਾ ਖੋਹਲਿਆ, ਤੇ ਕਿਹਾ, "ਚੱਲੋ ਬੱਚੀਓ, ਮੈਂ ਤੁਹਾਨੂੰ ਕਸੂਰ ਗੱਡੀ ਵਿਚ ਬਿਠਾ ਆਵਾਂ।" ਬਰਛੀ ਫੜ ਕੇ ਉਹ ਉਹਨਾਂ ਦੇ ਮਗਰ ਲਗ ਤੁਰਿਆ।

ਕਸੂਰ ਸਟੇਸ਼ਨ 'ਤੇ ਫ਼ੀਰੋਜ਼ਪੁਰ ਨੂੰ ਜਾਣ ਵਾਲੀ ਗੱਡੀ ਖਲੀ ਸੀ, ਜਿਸ ਵਿਚ ਕਸੂਰੋਂ ਉਜੜਨ ਵਾਲੇ ਹਿੰਦੂ-ਸਿੱਖ ਬੈਠੇ ਸਨ। ਇਕ ਡੱਬੇ ਵਿਚ ਉਹਨਾਂ ਲੜਕੀਆਂ ਨੂੰ ਬਿਠਾ ਕੇ ਉਹਨੇ ਮੱਥੇ ਨਾਲ ਹੱਥ ਲਾ ਕੇ ਕਿਹਾ, "ਅੱਜ ਮੇਰਾ ਮੌਲਾ ਖ਼ੁਸ਼ ਹੋ ਗਿਆ ਹੈ।"

ਠੀਕ ਹੈ, ਇਨਸਾਨ ਦੇਵਤਾ ਵੀ ਹੈ ਤੇ ਸ਼ੈਤਾਨ ਵੀ। ਪਤਾ ਨਹੀਂ ਕਿਸ ਵੇਲੇ ਕਿਸ ਗੁਣ ਨੇ ਪਰਬਲ ਹੋ ਜਾਣਾ ਹੈ।

---

G.S.K.
27-9-1995.

# ਘਰੋਂ ਬੇਘਰ ਹੋ ਗਏ

ਸਤਾਰਾਂ ਅਗਸਤ ਤੋਂ ਵੀਹ ਤਕ ਅਸਾਂ ਬੜੀ ਡਾਵਾਂ-ਡੋਲ ਹਾਲਤ ਵਿਚ ਸਮਾਂ ਗੁਜ਼ਾਰਿਆ। ਸੱਚ ਜਾਣੋਂ, ਉਸ ਵੇਲੇ ਕੰਧਾਂ ਦੇ ਪਰਛਾਂ-ਵਿਆਂ ਉਹਲੇ ਵੀ ਮੌਤ ਲੁਕੀ ਬੈਠੀ ਮਹਿਸੂਸ ਹੁੰਦੀ ਸੀ। ਅਗਲੇ ਪਿੰਡਾਂ ਦੇ ਉਜੜੇ ਲੋਕ ਜਦ ਪਿੰਡ ਵਿਚ ਦੀ ਲੰਘਦੇ ਸਨ, ਤਾਂ ਸਾਡਾ ਹੌਸਲਾ ਅਸਲੋਂ ਢਹਿ ਜਾਂਦਾ ਸੀ।

ਅਖ਼ੀਰ ਘਰ ਛੱਡਣ ਦਾ ਸਮਾਂ ਆ ਗਿਆ। ਇੱਕੀ ਅਗਸਤ ਨੂੰ ਸਵੇਰੇ ਹੀ ਸ. ਪੂਰਨ ਸਿੰਘ ਗੱਡ ਲੈ ਕੇ ਆ ਗਏ। ਮੇਰੀ ਪਤਨੀ ਦੀ ਛੋਟੀ ਭੈਣ ਉਹਨਾਂ ਨਾਲ ਵਿਆਹੀ ਹੋਈ ਸੀ। ਉਹਨਾਂ ਦਾ ਪਿੰਡ 'ਸਨਖੱਤਰਾ' ਸਾਥੋਂ ਸਭੋ ਛੇ ਮੀਲ ਸੀ। ਜਿੱਥੇ ਸਾਡੇ ਪਿੰਡ ਦੀ ਜ਼ਮੀਨ ਮੁਕਦੀ ਸੀ, ਓਥੋਂ ਭਾਰਤ ਸ਼ੁਰੂ ਹੋ ਗਿਆ, ਤੇ ਜਿੱਥੇ ਸਨਖੱਤਰੇ ਦੀ ਹੱਦ ਮੁੱਕਦੀ ਸੀ, ਓਥੋਂ ਪਾਕਸਤਾਨ।

ਮੇਰੇ ਮੁਸਲਮਾਨ ਮੁਜ਼ਾਰੇ ਮੀਆਂ ਅੱਲਾ ਦਿੱਤਾ ਤੇ ਉਹਦੇ ਦੋਵੇਂ ਗਭਰੂ ਪੁੱਤਰ ਵੀ ਆ ਗਏ। ਬਹੁਤ ਸਾਰਾ ਸਾਮਾਨ ਗੱਡ ਉਤੇ ਲੱਦ ਲਿਆ। ਅੱਲਾ ਦਿਤੇ ਕੇ ਪਿੰਡੋਂ ਚੋਖੀ ਦੂਰ ਸਾਨੂੰ ਤੋਰਨ ਗਏ। ਅੱਲਾ ਦਿੱਤਾ ਉਮਰ ਵਿਚ ਮੈਂਥੋਂ ਚੋਖਾ ਵੱਡਾ ਸੀ। ਮੇਰੇ ਦੋਵੇਂ ਹੱਥ ਫੜ ਕੇ ਉਹਨੇ ਕਿਹਾ, "ਸਰਦਾਰ ਜੀ ! ਤੁਸੀਂ ਨਹੀਂ, ਅੱਜ ਅਸੀਂ ਉੱਜੜ ਗਏ ਆਂ। ਮਾਰ ਘੱਤਿਆ ਸਾਨੂੰ ਇਹਨਾਂ ਲੀਡਰਾਂ ਨੇ।" ਉਸ ਵੇਲੇ ਉਹਦੀਆਂ ਅੱਖਾਂ ਵਿਚੋਂ ਪਰਲ ਪਰਲ ਹੰਝੂ ਵਹਿ ਰਹੇ ਸਨ।

ਸਾਡੇ ਮਾਲ ਦਾ ਵਾਗੀ ਸੀ 'ਮੰਗੂ' ਕੰਮਿਹਾਰ ਦਾ ਲੜਕਾ 'ਬਰਕਤ'। ਅਸਲ ਵਿਚ ਉਹ ਚੌਵੀ ਘੰਟੇ ਦਾ ਨੌਕਰ ਸੀ। ਉਮਰ ਸੀ ਉਸ ਵੇਲੇ ਚੌਦਾਂ-ਪੰਦਰਾਂ ਸਾਲ। ਉਹਨੇ ਤਿੰਨੇ ਮਹੀਂ ਅੱਗੇ ਲਾ ਲਈਆਂ। ਮੇਰੀ ਪਤਨੀ ਘੋੜੀ 'ਤੇ ਅਸਵਾਰ ਸੀ, ਤੇ ਮੈਂ ਨਾਲ ਪੈਦਲ ਜਾ ਰਿਹਾ ਸਾਂ।

ਬਰਕਤ ਦਾ ਮਾਂ-ਪਿਉ ਮੀਲ ਭਰ ਸਾਡੇ ਨਾਲ ਗਏ। ਵਿਛੜਨ ਲਗਿਆਂ ਦੋਹਾਂ ਜੀਆਂ ਨੇ ਬਰਕਤ ਦੀ ਬਾਂਹ ਮੇਰੇ ਹੱਥ ਫੜਾ

ਦਿਤੀ। ਹੰਝੂ ਕੇਰਦੀ ਬਰਕਤ ਦੀ ਮਾਂ ਬੋਲੀ, "ਸਰਦਾਰ ! ਚੌਥਾ ਸਾਲ ਹੋ ਗਿਆ ਏ ਇਹਨੂੰ ਤੇਰੇ ਘਰ ਦਾ ਖਾਂਦਿਆਂ। ਜਾਹ, ਮੈਂ ਇਹਨੂੰ ਬੱਤੀ ਧਾਰਾਂ ਬਖ਼ਸ਼ੀਆਂ । ਏਹ ਤੇਰਾ ਪੁੱਤਰ ਹੋਇਆ। ਇਹਨੂੰ ਸਿੱਖ ਬਣਾ ਲਈਂ ।"

ਨਾਲ ਹੀ ਉਹ ਦੋਵੇਂ ਜੀਅ ਭੁੱਬਾਂ ਮਾਰ ਕੇ ਰੋ ਪਏ।

"ਭਾਬੀ !" ਉਮਰੋਂ ਵੱਡੀ ਹੋਣ ਕਰਕੇ ਮੈਂ ਉਹਨੂੰ 'ਭਾਬੀ' (ਭਰਜਾਈ) ਕਿਹਾ ਕਰਦਾ ਸਾਂ। "ਬਰਕਤ ਮੁਸਲਮਾਨ ਹੀ ਰਹੇਗਾ। ਜਿੰਨਾ ਹੋ ਸੱਕੇਗਾ, ਮੈਂ ਇਹਦਾ ਭਲਾ ਹੀ ਸੋਚਾਂਗਾ।"

ਅੱਖਾਂ ਪੂੰਝਦੇ ਉਹ ਵਾਪਸ ਮੁੜ ਗਏ।

ਅਜੇ ਤਕ ਮੈਂ ਕਈ ਵਾਰ ਸੋਚਿਆ ਕਰਦਾ ਹਾਂ, "ਕਾਸ਼ ! ਏਨੀ ਇਨਸਾਨੀਅਤ ਕਿਤੇ ਸਾਡੇ ਲੀਡਰਾਂ ਵਿਚ ਵੀ ਹੁੰਦੀ।"

ਬਰਕਤ ਚਾਰ ਦਿਨ ਸਾਡੇ ਕੋਲ ਰਿਹਾ । ਚੱਪਾ ਚੱਪਾ ਵਾਲ ਉਹ ਧਾਗੇ ਨਾਲ ਬੰਨ੍ਹ ਕੇ ਉਤੇ ਫਿਫਟੀ ਵਾਲੀ ਪੱਗ ਬੰਨ੍ਹਦਾ। ਪੁੱਛਣ ਵਾਲੇ ਨੂੰ ਉਹ ਦਸਦਾ, "ਮੈਂ ਗਿਆਨੀ ਜੀ ਦਾ ਛੋਟਾ ਪੁੱਤਰ ਹਾਂ, ਤੇ ਮੇਰਾ ਨਾਮ ਬਰਕਤ ਸਿੰਘ ਹੈ।"

ਤੀਸਰੇ ਦਿਨ ਇਕ ਮਾਰੂ ਘਟਨਾ ਵਾਪਰੀ। ਇਕ ਮਾੜੀ ਜੇਹੀ ਟੋਰ ਉਤੇ ਬੁਢੜਾ ਫ਼ਕੀਰ ਜਾ ਰਿਹਾ ਸੀ । ਬਾਰਾਂ ਬਾਰਾਂ, ਚੌਦਾਂ-ਚੌਦਾਂ ਵਰ੍ਹਿਆਂ ਦੇ ਮੁੰਡਿਆਂ ਨੇ ਉਹਨੂੰ ਬਰਛੀਆਂ ਮਾਰ ਕੇ ਮਾਰ ਦਿਤਾ। ਉਹਦੇ ਕੋਲੋਂ ਸਿਰਫ਼ ਦੋ-ਕੁ ਕਿੱਲੋ ਆਟਾ ਨਿਕਲਿਆ।

ਏਸ ਦੁਰ-ਘਟਨਾ ਦਾ ਮੇਰੇ ਦਿਲ 'ਤੇ ਬਹੁਤ ਬੁਰਾ ਅਸਰ ਹੋਇਆ। ਮੈਂ ਸੋਚਿਆ, 'ਜੇ ਕਿਸੇ ਨੇ ਬਰਕਤ ਨੂੰ ਮਾਰ ਦਿੱਤਾ, ਤਾਂ ਸਾਰੀ ਉਮਰ ਮੇਰੀ ਆਤਮਾ ਤੋਂ ਇਹ ਬੋਝ ਨਹੀਂ ਲਹਿਣਾ।'

ਮੈਂ ਝੂਠੇ ਲਾਰੇ ਲਾ ਕੇ, ਕਿ ਅਮਨ ਹੋ ਜਾਵੇਗਾ, ਤਾਂ ਅਸੀਂ ਤੈਨੂੰ ਆਪਣੇ ਕੋਲ ਬੁਲਾ ਲਵਾਂਗੇ, ਮੈਂ ਬਰਕਤ ਨੂੰ ਪਿੰਡ ਨੂੰ ਤੋਰ ਦਿਤਾ।

---

G.S.S.K. 27-9-95

# ਬਾਈ ਅਗਸਤ ਦੀ ਰਾਤ

ਬਾਈ ਅਗਸਤ ਨੂੰ ਮੀਂਹ ਸ਼ੁਰੂ ਹੋ ਗਿਆ। ਸ. ਪੂਰਨ ਸਿੰਘ ਕਾ ਘਰ ਗੁਜ਼ਾਰੇ ਜੋਗਾ ਹੀ ਸੀ, ਸਿਰਫ਼ ਦੋ ਕੱਚੇ ਕੋਠੇ। ਉਹ ਦੋਵੇਂ ਸਾਮਾਨ ਨਾਲ ਭਰੇ ਪਏ ਸਨ। ਬਾਈ ਨੂੰ ਕੁਛ ਹੋਰ ਰਿਸ਼ਤੇਦਾਰ ਵੀ ਆ ਗਏ।

ਜਿੱਥੇ ਸਾਡੇ ਘਰੋਂ (ਕਾਦੀਵਿੰਡ) ਪਸ਼ੂਆਂ ਵਾਸਤੇ ਵੀ ਛੱਤਾਂ ਹੈਗੀਆਂ ਸਨ, 'ਸਨਖਤਰੇ' ਸਾਰੀ ਰਾਤ ਅਸਾਂ ਕੋਠੇ ਉਤੇ ਮੀਂਹ ਵਿਚ ਕੱਟੀ। ਇਕ ਮੰਜੇ ਦੇ ਦੋਹੀਂ ਪਾਸੀਂ ਦੋ ਮੰਜੇ ਖਲੇ ਕਰਕੇ ਉਪਰ ਲੀੜੇ ਪਾ ਦਿਤੇ। ਮੰਜੇ ਦੇ ਸਿਰਹਾਣੇ ਪਾਸੇ ਮੈਂ ਬੈਠਾ ਸਾਂ, ਤੇ ਪੈਂਦ ਵੱਲੇ ਮੇਰੀ ਪਤਨੀ। ਗੋਦ ਵਿਚ ਸਾਡੀ ਲੜਕੀ ਸੁੱਤੀ ਪਈ ਸੀ। ਸਾਰੀ ਰਾਤ ਮੀਂਹ ਵਰ੍ਹਦਾ ਰਿਹਾ। ਉਸ ਰਾਤ ਉਸ ਪਿੰਡ ਵਿਚ ਚੋਖੇ ਲੋਕ ਆਏ ਹੋਏ ਸਨ, ਜਿਨ੍ਹਾਂ ਦੀ ਪਿੰਡ ਵਿਚ ਕੋਈ ਠਾਹਰ ਨਹੀਂ ਸੀ। ਉਹਨਾਂ ਨੂੰ ਏਨਾ ਧਰਵਾਸ ਹੀ ਕਾਫੀ ਸੀ, ਕਿ ਮੌਤ ਦੇ ਘੇਰੇ ਵਿਚੋਂ ਨਿਕਲ ਕੇ ਜ਼ਿੰਦਗੀ ਦੀ 'ਵਾਦੀ' ਵਿਚ ਆ ਗਏ ਹਨ।

ਪਿੰਡ ਦੀਆਂ ਕੰਧਾਂ ਦੇ ਨਾਲ ਹੀ ਦੱਖਣ-ਪੂਰਬ ਦੀ ਗੁੱਠ ਵਿਚ ਕਬਰਸਤਾਨ ਸੀ। ਸਾਰੀ ਰਾਤ ਓਥੋਂ ਮੀਂਹ ਵਰ੍ਹਦੇ ਵਿਚ ਰੋਣ ਦੀ ਆਵਾਜ਼ ਔਂਦੀ ਰਹੀ। ਮੈਥੋਂ ਰਿਹਾ ਨਾ ਗਿਆ। ਦਿਨ ਚੜ੍ਹੇ ਜ਼ਰਾ ਮੀਂਹ ਰੁਕਿਆ, ਤਾਂ ਮੈਂ ਵੇਖਣ ਗਿਆ। ਪਿੰਡ 'ਵੀਰਮ' ਦੀ ਮੁਟਿਆਰ ਬੀਬੀ 'ਬੱਗੋ' ਕਾਫ਼ਲੇ ਨਾਲ ਭੁੱਖੀ ਤਿਹਾਈ ਭੱਜੀ ਆਈ। ਏਥੇ ਆ ਕੇ ਉਹਦੇ ਘਰ ਲੜਕਾ ਹੋਇਆ। ਕੁਛ ਘੜੀਆਂ ਸਾਹ ਲੈ ਕੇ ਲੜਕਾ ਵੀ ਤੇ ਬੀਬੀ 'ਬੱਗੋ' ਵੀ ਆਜ਼ਾਦ ਭਾਰਤ ਚੋਂ ਵਿਦਿਆ ਹੋ ਗਏ। ਲਾਗੇ ਦੇ ਘਰੋਂ ਕਹੀ ਮੰਗ ਕੇ ਵਾਰਸਾਂ ਨੇ ਟੋਆ ਪੁੱਟਿਆ ਤੇ ਮਾਂ ਦੇ ਲੀੜੇ ਵਿਚ ਪੁੱਤਰ ਨੂੰ ਵਲ੍ਹੇਟ ਕੇ ਦੱਬ ਦਿਤਾ।

ਉਹ ਦੁਖਦਾਈ ਨਜ਼ਾਰਾ ਮੈਨੂੰ ਅੱਜ ਤਕ ਨਹੀਂ ਭੁੱਲਿਆ। ਮੇਰੇ ਨਾਵਲ 'ਈਚੋਗਿੱਲ ਨਹਿਰ ਤਕ' ਵਿਚ ਭਿਖੀਵਿੰਡ ਦਾ ਨਜ਼ਾਰਾ ਓਹਾ ਹੀ ਤਾਂ ਹੈ। G. S. S. K.

੨੭-੯-੧੯੯੫

# ਆਪਣੇ ਬੇਗਾਨੇ ਹੋ ਗਏ

'ਰਹੀਮ' ਮੁਸਲਮਾਨ ਸੀ, ਪਰ ਹਿੰਦੀ ਦਾ ਮਹਾਨ ਕਵੀ। ਉਸ ਦਾ ਇਕ ਦੋਹਾ ਯਾਦ ਆ ਗਿਆ ਹੈ।

"ਯਹਿ 'ਰਹੀਮ' ਦਰ ਦਰ ਫਿਰੇ, ਮਾਂਗ ਮਧੂਕਰੀ ਖਾਏ।
ਯਾਰੋ, ਯਾਰੀ ਛੋੜ ਦੋ, ਅਬ 'ਰਹੀਮ' ਵਹਿ ਨਾਹਿ।"

ਪਾਕਸਤਾਨ ਤੋਂ ਉੱਜੜ ਕੇ ਔਣ ਵਾਲਿਆਂ ਵੱਲੋਂ ਕਈ ਨਿਗਦੇ ਸੰਬੰਧੀ ਵੀ ਮੂੰਹ ਮੋੜ ਗਏ ਸਨ।

ਅਸੀਂ ਸਮਝਦੇ ਸਾਂ, ਕਿ ਸਨਖੱਤਰੇ ਸਾਡਾ ਗੁਜ਼ਾਰਾ ਨਹੀਂ। ਸਾਨੂੰ ਅਗਾਂਹ ਕੋਈ ਹੋਰ ਟਿਕਾਣਾ ਭਾਲਣਾ ਪਵੇਗਾ। ਸੋ ਤੀਹ ਅਗਸਤ ਨੂੰ ਅਸੀਂ ਕੁਛ ਸਾਮਾਨ ਲੱਦ ਕੇ ਓਥੋਂ ਤੁਰ ਪਏ। ਭਿੱਖੀਵਿੰਡ ਦੇ ਨੇੜੇ ਮੇਰੀ ਸਕੀ ਮਾਸੀ ਦੀ ਨੋਂਹ ਮਿਲ ਪਈ। ਹਮਦਰਦੀ ਪਰਗਟ ਕਰਨ ਦੀ ਥਾਂ ਉਹਨੇ ਬੜੀ ਚੁਭਵੀਂ ਸੁਰ ਵਿਚ ਕਿਹਾ, "ਵੇ, ਉੱਚੀਆਂ ਬਾਂਹੀਂ ਕਰ ਕਰ ਕਿਹਾ ਕਰਦਾ ਸੈਂ, ਅਜ਼ਾਦੀ ਲੈਣੀ ਏਂ, ਆਹ ਅਜ਼ਾਦੀ ਲੱਦੀ ਜਾਂਦਾ ਏਂ ?"

ਇਹ ਬੋਲੀ ਮੇਰੇ ਦਿਲ ਵਿਚ ਤੀਰ ਵਾਂਗ ਚੁਭ ਗਈ। ਮੈਂ ਏਨਾ ਹੀ ਉੱਤਰ ਦਿਤਾ, "ਭਾਬੀ ਜੀ ! ਫ਼ਿਕਰ ਨਾ ਕਰੋ। ਤੁਹਾਡੇ ਬੂਹੇ 'ਤੇ ਨਹੀਂ ਔਂਦੇ।"

ਆਹੰਦੇ ਨੇ : ਤਲਵਾਰ ਦਾ ਫੱਟ ਮਿਲ ਜਾਂਦਾ ਏ, ਪਰ ਬੋਲੀ ਦਾ ਨਹੀਂ।

ਮੈਂ ਸ. ਗੁਰਦਿਤ ਸਿੰਘ ਜੀ (ਪਿੰਡ ਮੂਸੇ) ਦਾ ਧੰਨਵਾਦੀ ਹਾਂ। ਕੁਛ ਦਿਨ ਅਸਾਂ ਉਹਨਾਂ ਦੇ ਘਰ ਆਪਣਿਆਂ ਵਾਂਗ ਕੱਟੇ। ਉਹਨਾਂ ਦੇ ਤੇ ਮੇਰੇ ਨਾਨਕੇ ਪਿੰਡ 'ਜਗਤ ਪੁਰੇ' ਸਨ।

ਹਾਲਾਤ ਨੂੰ ਮੁੱਖ ਰੱਖ ਕੇ ਅਸੀਂ ਓਥੋਂ ਵੀ ਅਗ੍ਹਾਂ ਤੁਰ ਪਏ।

ਪਹਿਲਾਂ ਪਿੰਡ ਸ਼ਹਾਬਪੁਰਾ-ਡਿਆਲ (ਤਹਿਸੀਲ ਤਰਨਤਾਰਨ) ਵਿਚ ਆਰਜ਼ੀ ਜ਼ਮੀਨ ਕਟਾਈ। ਪਰ ਓਥੋਂ ਕੈਨਸਲ ਹੋ ਗਈ, ਤਾਂ ਜ਼ੀਰੇ ਚਲੇ ਗਏ।

(ਵਿਸਥਾਰ ਨਾਲ ਮੈਂ ਆਪਣੀ ਸ੍ਵੈ-ਜੀਵਨੀ "ਵੇਖੀ ਮਾਣੀ ਦੁਨੀਆਂ" ਵਿਚ ਸਭ ਕੁਛ ਲਿਖ ਆਇਆ ਹਾਂ।)

———

G.S.K.
27-9-1995.

# ਸਹਾਇਤਾ ਨਹੀਂ, ਸੌਦਾ

ਜ਼ੀਰੇ ਐਵੇਂ ਪੈਰ-ਧਰਾਵਾ ਹੀ ਕੀਤਾ ਸੀ। ਮੇਰਾ ਇਰਾਦਾ ਕਿਸੇ ਚੰਗੇ ਸ਼ਹਿਰ ਵਿਚ ਵੱਸਣ ਦਾ ਸੀ, ਜਿੱਥੇ ਬੱਚਿਆਂ ਨੂੰ ਚੰਗੀ ਤਾਲੀਮ ਦੇ ਸੱਕਾਂ।

ਸਰਦਾਰਨੀ ਬਾਲ-ਬੱਚਿਆਂ ਨੂੰ ਲੈ ਕੇ ਪੇਕੇ ਘਰ (ਨੱਗਰ ਭੜਾਣਾ, ਤਸੀਲ ਜ਼ੀਰਾ) ਚਲੀ ਗਈ, ਤੇ ਮੈਂ ਪੱਕਾ ਟਿਕਾਣਾ ਭਾਲਣ ਵਿਚ ਲੱਗ ਗਿਆ।

ਸਟੇਜ ਉਤੇ ਪਰਭਾਵ ਹੋਣ ਦੇ ਕਾਰਨ ਕੁਛ ਵੱਡਿਆਂ ਬੰਦਿਆਂ ਨਾਲ ਜਾਣ ਪਛਾਣ ਸੀ। (ਵੱਡਿਆਂ ਬੰਦਿਆਂ ਨਾਲ 'ਜਾਣ-ਪਛਾਣ' ਹੀ ਹੋ ਸਕਦੀ ਹੈ, ਦੋਸਤੀ ਦਾ ਭੁਲੇਖਾ ਕਦੇ ਨਹੀਂ ਖਾਣਾ ਚਾਹੀਦਾ।)

ਬਾਰਾਂ ਪੋਹ ਨੂੰ ਸਵੇਰੇ ਦਸ ਵਜੇ ਮੈਂ ਪਟਿਆਲੇ 'ਡਿਉਢੀ ਵਾਲੇ' ਸਰਦਾਰ ਦੀ ਕੋਠੀ ਜਾ ਪਹੁੰਚਾ। ਉਹ ਅੱਗੇ 'ਫ਼ਤਹਿ ਗੜ੍ਹ' ਸਾਹਿਬ ਜਾਣ ਵਾਸਤੇ ਤਿਆਰ ਖਲੇ ਸਨ। ਮੈਨੂੰ ਵੇਖਦੇ ਸਾਰ ਬੜੇ ਉਤਸ਼ਾਹ ਨਾਲ ਬੋਲੇ, "ਲਉ! ਸਾਡਾ ਮੇਲੱਾ ਬਣ ਗਿਆ। ਗਿਆਨੀ ਜੀ! ਬੈਠੋ ਕਾਰ ਵਿਚ।"

ਮੈਂ ਕਿਹਾ, "ਜਿਸ ਕੰਮ ਮੈਂ ਆਇਆਂ, ਪਹਿਲਾਂ ਮੇਰੀ ਬੇਨਤੀ ਤਾਂ ਸੁਣ ਲਵੋ।"

"ਮੇਰੇ ਨਾਲ ਕਾਰ ਵਿਚ ਬੈਠੋ। ਰਾਹ ਵਿਚ ਗੱਲਾਂ ਕਰਦੇ ਚੱਲਾਂਗੇ।" ਉਹਨਾਂ ਸਰਦਾਰੀ ਰੁਅਬ ਨਾਲ ਕਿਹਾ।

"ਜੀ, ਮੈਂ ਤਾਂ ਨਾਲ ਬਿਸਤਰਾ ਲੈ ਕੇ ਵੀ ਨਹੀਂ ਆਇਆ।"

ਮੈਨੂੰ ਉੱਤਰ ਦੇਣ ਦੀ ਥਾਂ ਉਹਨਾਂ ਨੌਕਰ ਨੂੰ ਕਹਿ ਕੇ ਇਕ ਬਿਸਤਰਾ ਹੋਰ ਰਖਵਾ ਲਿਆ।

ਕਾਫ਼ਲਾ ਤੁਰ ਪਿਆ। ਮੈਂ ਸਰਦਾਰ ਸਾਹਿਬ ਦੇ ਨਾਲ ਅਗਲੀ ਸੀਟ 'ਤੇ ਬੈਠਾ ਸਾਂ।

ਕੁਛ ਸਰਸਰੀ ਗੱਲਾਂ-ਬਾਤਾਂ ਪਿੱਛੋਂ ਅਸਲੀ ਮਤਲਿਬ ਦੀ ਗੱਲ ਸਾਮ੍ਹਣੇ ਆ ਗਈ । ਉਹਨਾਂ ਸਾਫ਼ ਸ਼ਬਦਾਂ ਵਿਚ ਕਹਿਣਾ ਸ਼ੁਰੂ ਕੀਤਾ, "ਵੇਖੋ, ਗਿਆਨੀ ਜੀ ! ਐਸ ਵੇਲੇ ਤੁਹਾਨੂੰ ਸਾਡੀ ਸਹਾਇਤਾ ਦੀ ਲੋੜ ਹੈ, ਤੇ ਸਾਨੂੰ ਤੁਹਾਡੀ ਮਦਦ ਦੀ। ਕਿਲਾ ਮੁਬਾਰਕ ਦੇ ਸਾਮ੍ਹਣੇ ਇਕ ਮੁਸਲਮਾਨ ਦੀ ਬਹੁਤ ਵੱਡੀ ਦੁਕਾਨ ਬੂਟਾਂ ਦੀ ਭਰੀ ਹੋਈ ਬੰਦ ਹੈ। ਉਹ ਮਿਲ ਜਾਏਗੀ। ਤੇ ਦੋ ਤਿੰਨ ਖੁਲ੍ਹੀਆਂ ਹਵੇਲੀਆਂ ਵੀ ਕਬਜ਼ੇ ਵਿਚ ਨੇ। ਜਿਹੜੀ ਤੁਹਾਨੂੰ ਪਸੰਦ ਆਵੇ । ਹੋਰ, ਮਾਲੀ ਮਦਦ ਵੀ ਜੋ ਚਾਹੋਗੇ, ਹੋ ਜਾਵੇਗੀ । ਅਸਾਂ ਪ੍ਰੋਗਰਾਮ ਬਣਾਇਆ ਹੈ, ਕਿ ਮਹਾਰਾਜਾ ਸਾਹਿਬ ਨੂੰ ਸਿੱਖਾਂ ਦਾ ਵਾਹਿਦ ਲੀਡਰ ਬਣਾ ਦੇਣਾ ਹੈ। ਤੁਹਾਡੇ ਵਰਗਾ ਬੁਲਾਰਾ ਨਾਲ ਹੋਵੇ, ਤਾਂ ਕਿਹੜੀ ਗੱਲ ਅਸੰਭਵ ਹੈ।"

ਬਾਰਾਂ ਪੋਹ ਨੂੰ 'ਫ਼ਤਹਿਗੜ੍ਹ ਸਾਹਿਬ', ਤੇ ਫਿਰ ਤੇਰਾਂ ਨੂੰ 'ਜੋਤੀ ਸਰੂਪ' ਲੈਕਚਰ ਦਿਤਾ । ਗੁਰੂ ਦੀ ਮੇਹਰ, ਦੋਵੇਂ ਲੈਕਚਰ ਬੜੇ ਚੰਗੇ ਵੱਸੇ। ਸੰਗਤਾਂ ਵੱਲੋਂ ਕਿਆਸ ਤੋਂ ਵੱਧ ਸੇਵਾ ਹੋ ਗਈ। ਅਗਲੇ ਦਿਨ ਮੈਂ ਸਰਸਰੀ 'ਹਾਂ' ਕਰ ਕੇ ਆ ਗਿਆ। ਕਈ ਦਿਨ ਮੈਂ ਸੋਚਦਾ ਰਿਹਾ, 'ਇਹ ਸਹਾਇਤਾ ਨਹੀਂ, ਸੌਦਾ ਹੈ। ਬੋਲ, ਵਿਕਣਾ ਚਾਹੁੰਦਾ ਹੈਂ ? ਫਿਰ 'ਹਿਜ਼ ਮਾਸਟਰ ਵਾਇਸ' ਦਾ ਰੀਕਾਰਡ ਬਣ ਕੇ ਵੱਜਣਾ ਪਵੇਗਾ। ਜ਼ਮੀਰ ਦੀ ਆਵਾਜ਼ ਵੱਲੋਂ ਕੰਨ ਬੰਦ ਕਰਨੇ ਪੈਣਗੇ।'

ਮਾਲੀ ਮਜਬੂਰੀਆਂ ਜ਼ਰੂਰ ਸਨ, ਪਰ ਮੈਂ ਵਿਕਣ ਵਾਸਤੇ ਤਿਆਰ ਨਾ ਹੋਇਆ। ਪਟਿਆਲੇ ਜਾਣ ਦਾ ਇਰਾਦਾ ਸਦਾ ਵਾਸਤੇ ਦਿਲੋਂ ਕਢ ਦਿਤਾ।

ਉਸ ਤੋਂ ਪਿਛੋਂ ਪੰਜਾਬ ਦੇ ਦੋ ਚੀਫ਼ ਮਨਿਸਟਰ ਸਾਹਿਬਾਨ ਨਾਲ ਵੀ ਵਾਹ ਪਿਆ। ਮਸਲਾ ਏਹਾ ਸੀ, 'ਨੀਲਾਮੀ ਦਾ ਮਾਲ ਬਣਨ ਦਾ।' ਪਰ ਗੁਰੂ ਮਹਾਰਾਜ ਨੇ ਹੱਥ ਦੇ ਕੇ ਰੱਖ ਲਿਆ। ਇਕ ਚੀਫ਼ ਮਨਿਸਟਰ ਸਾਹਿਬ ਤਾਂ ਮੇਰੇ ਨਾਲ ਨਾਰਾਜ਼ ਵੀ ਹੋ ਗਏ।

G. S. S. K.
27-9-1995

---

# ਸੱਚ ਕਹਿਣ ਦੀ ਸਜ਼ਾ

ਅਨੋਖਾ ਲੋਕਰਾਜ। ਭਾਵ, ਲੋਕਾਂ ਦਾ ਰਾਜ। 'ਪੰਜਾਬੀ ਸੂਬਾ ਜ਼ਿੰਦਾਬਾਦ' ਕਹੋ, ਤੇ ਜੇਹਲ-ਬੰਦ ਹੋ ਜਾਉ। ਪਰ ਕਈ ਤਾਂ ਨੀਲੀ ਦਸਤਾਰ ਤੇ ਗਾਤਰੇ ਕਿਰਪਾਨ, ਬੱਸ ਏਨੇ ਕਾਰਨ ਹੀ ਜੇਹਲ-ਬੰਦ।

- 'ਲੋਕਰਾਜ' ਬਾਰੇ ਇਕ ਵਿਅੰਗ ਹੈ। ਲੋਕਰਾਜ ਹੈ ਕੀ ?

**"Democracy is by the people for the people"**

(ਲੋਕ ਰਾਜ ਲੋਕਾਂ ਰਾਹੀਂ, ਲੋਕਾਂ ਵਾਸਤੇ ਹੈ।)

ਪਰ ਕਈ ਵਾਰ ਕਾਬਜ਼ ਲੋਕ ਇਸ ਦੇ ਸ਼ਬਦ-ਜੋੜ ਬਦਲ ਲੈਂਦੇ ਹਨ।

ਲੋਕਰਾਜ (ਡੈਮੋਕਰੇਸੀ) ਕੀ ਹੈ ?

"Democracy is, buy the people (and) far the people."

[ਲੋਕਾਂ ਨੂੰ ਖ਼ਰੀਦੋ (ਵੋਟਾਂ ਖ਼ਰੀਦੋ) ਤੇ ਲੋਕਾਂ ਤੋਂ ਦੂਰ ਹੋ ਜਾਓ]

ਖ਼ੈਰ, ਅਸੀਂ ਗੱਲ ਕਰ ਰਹੇ ਸਾਂ ਪੰਜਾਬੀ ਸੂਬੇ ਦੇ ੧੯੫੫ ਦੇ ਮੋਰਚੇ ਦੀ। ਪੰਜਾਹ-ਪਚਵੰਜਾ ਹਜ਼ਾਰ ਸਿੱਖ ਕੈਦ ਹੋਏ। ਸਵਾਲ ਗਿਣਤੀ ਦਾ ਨਹੀਂ, ਸਵਾਲ ਇਹ ਹੈ, ਕਿ ਜਥੇ ਜਾਣੇ ਪਹਿਲਾਂ ਰੁਕੇ, ਜਾਂ ਜੇਹਲਾਂ ਦੇ ਬੂਹੇ ਪਹਿਲਾਂ ਬੰਦ ਹੋਏ।

ਲਓ ਜੀ! ਮੋਰਚਾ ਫ਼ਤਹਿ ਹੋ ਗਿਆ। ਸਿੱਖਾਂ ਦੇ 'ਵਾਹਦ-ਹੂ-ਲਾਸ਼ਰੀਕ' ਲੀਡਰ ਮਾ. ਤਾਰਾ ਸਿੰਘ ਜੀ ਦੀ ਮੁਲਾਕਾਤ ਪੰਡਤ ਜਵਾਹਰ ਲਾਲ ਨਹਿਰੂ ਨਾਲ ਹੋਈ। ਚਾਹ ਦੀ ਮੇਜ਼ ਉਤੇ ਫੈਸਲਾ ਹੋ ਗਿਆ। "ਮਾਸਟਰ ਜੀ! ਤੁਸੀਂ ਕਾਂਗਰਸ ਦੀ ਅੰਮ੍ਰਿਤਸਰ ਵਾਲੀ ਕਾਨਫ਼ਰੰਸ ਕਾਮਯਾਬ ਕਰਾ ਦਿਓ, ਤੇ ਜੋ ਕਹੋਗੇ, ਹੋ ਜਾਇਗਾ।"

(ਕਿਸੇ ਕਾਨਫ਼ਰੰਸ ਦੀ ਕਾਮਯਾਬੀ ਦਾ ਅਰਥ ਹੁੰਦਾ ਹੈ ਉਸ ਦੀ ਹਾਜ਼ਰੀ।)

ਪ੍ਰੋਗ੍ਰਾਮ ਅਨਸਾਰ ਮੰਜੀ ਸਾਹਿਬ (ਹਰਿਮੰਦਰ ਸਾਹਿਬ) ਤੋਂ ਜਲੂਸ ਨਿਕਲਨਾ ਸੀ, ਤੇ ਕਾਨਫ਼ਰੰਸ ਵਾਲੀ ਥਾਂ ਜਾ ਕੇ ਸਮਾਪਤ ਹੋਣਾ ਸੀ।

(ਪਰਦੇਸੀ ਪੱਤਰ-ਪ੍ਰੇਰਕਾਂ ਦੇ ਅੰਦਾਜ਼ੇ ਅਨਸਾਰ ਜਲੂਸ ਦੀ ਹਾਜ਼ਰੀ ਦਸ ਲੱਖ ਤੋਂ ਉਪਰ ਸੀ।)

ਜਲੂਸ ਤੋਂ ਪਹਿਲੀ ਰਾਤ ਮੈਂ ਅੰਮ੍ਰਿਤਸਰ ਅਕਾਲੀ ਦਲ ਦੇ ਦਫ਼ਤਰ ਵਿਚ ਸਾਂ। ਗਿਆਨੀ ਕਰਤਾਰ ਸਿੰਘ ਜੀ ਤੇ ਸ, ਹੁਕਮ ਸਿੰਘ ਜੀ ਵੀ ਓਥੇ ਹੀ ਸਨ। ਅੰਦਰਖ਼ਾਨੇ ਹੋਏ ਸਮਝੌਤੇ ਦਾ ਸਾਨੂੰ ਪਤਾ ਲੱਗ ਚੁੱਕਾ ਸੀ। ਮੈਂ ਉਹਨਾਂ ਦੋਹਾਂ ਸੱਜਣਾਂ ਨੂੰ ਮਿਲਿਆ। ਦੋਹਾਂ ਸਾਮ੍ਹਣੇ ਮੇਰਾ ਇਕੋ ਸਵਾਲ ਸੀ: "ਦੱਸੋ, ਪੰਜਾਹ ਹਜ਼ਾਰ ਸਿੱਖ ਕੈਦ ਕਰਵੱਾ ਕੇ ਲਿਆ ਕੀ ਜੇ?"

ਦੋਹਾਂ ਮਹਾਨ ਲੀਡਰਾਂ ਕੋਲ ਇਸ ਦਾ ਕੋਈ ਜਵਾਬ ਨਹੀਂ ਸੀ।

ਬੜੀ ਲੰਮੀ ਸੋਚ-ਵਿਚਾਰ ਪਿਛੋਂ ਅਸੀਂ ਇਸ ਸਿੱਟੇ 'ਤੇ ਪੁੱਜੇ, ਕਿ ਕੌਮ ਜਿੱਤ ਗਈ ਹੈ, ਪਰ ਸਿੱਖਾਂ ਦੀ ਲੀਡਰ-ਸ਼ਿਪ ਹਾਰ ਗਈ ਹੈ।

(ਮੇਰਾ ਦ੍ਰਿੜ੍ਹ ਵਿਸ਼ਵਾਸ ਹੈ, ਕਿ ਲੜਾਈ ਭਾਵੇਂ ਗਰਮ ਹੋਵੇ, ਤੇ ਭਾਵੇਂ ਠੰਢੀ। ਕੌਮਾਂ ਲੜਾਈ ਵਿਚ ਨਹੀਂ, ਸੁਲ੍ਹਾ ਵਿਚ ਮਰਦੀਆਂ ਹਨ।)

ਅੱਧੀ ਰਾਤ ਦੀ ਸੋਚ-ਵਿਚਾਰ ਪਿੱਛੋਂ ਅਸੀਂ ਤਿੰਨੇ ਇਸ ਸਿੱਟੇ 'ਤੇ ਪੁੱਜੇ, ਕਿ ਸਿੱਖ ਲੀਡਰ-ਸ਼ਿਪ ਨੂੰ ਆਪਣੀ ਹਾਰ ਮੰਨ ਲੈਣੀ ਚਾਹੀਦੀ ਹੈ।

(ਸੱਚੇ ਦਿਲੋਂ ਆਪਣੀ ਕਮਜ਼ੋਰੀ ਨੂੰ ਮੰਨ ਲੈਣਾ ਬਹੁਤ ਵੱਡੀ ਬਹਾਦਰੀ ਹੈ। ਇਨਸਾਨ ਦੀ ਵੱਡੀ ਕਮਜ਼ੋਰੀ ਇਹ ਹੈ, ਕਿ ਇਹ ਆਪਣੀ ਕਮਜ਼ੋਰੀ ਕਦੇ ਪਰਵਾਨ ਨਹੀਂ ਕਰਦਾ।)

ਇਲਾਜ ਇਹ ਸੀ, ਕਿ ਜਲੂਸ ਵਾਸਤੇ ਜਦ ਸੰਗਤ ਮੰਜੀ ਸਾਹਿਬ ਇਕੱਤਰ ਹੋਵੇ, ਤਾਂ ਸਾਫ਼ ਐਲਾਨ ਕਰ ਦਿਤਾ ਜਾਵੇ। "ਖ਼ਾਲਸਾ ਜੀ!

ਕੌਮ ਤਾਂ ਜਿੱਤ ਗਈ ਹੈ, ਪਰ ਅਸੀਂ (ਲੀਡਰ) ਹਾਰ ਗਏ ਹਾਂ। ਅਸੀਂ ਤੁਹਾਨੂੰ ਗੁਰੂ ਦਾ ਵਾਸਤਾ ਪਾ ਕੇ ਕਹਿੰਦੇ ਹਾਂ, ਕਿ ਸਾਰੇ ਘਰੋ ਘਰੀ ਚਲੇ ਜਾਓ। ਜਲੂਸ ਵੀ ਕੈਨਸਲ ਤੇ ਕਾਨਫ਼ਰੰਸ ਵੀ ਬੰਦ। ਅਸੀਂ ਧੋਖਾ ਖਾ ਗਏ ਹਾਂ। ਸੋ ਕਾਂਗਰਸ ਦੀ ਕਾਨਫ਼ਰੰਸ ਵਿਚ ਕੋਈ ਨਾ ਜਾਵੇ।"

ਸਿੱਟਾ ਇਹ ਨਿਕਲੇਗਾ, ਕਿ ਕਾਂਗਰਸ ਦੀ ਕਾਨਫ਼ਰੰਸ ਫੇਲ੍ਹ ਹੋ ਜਾਵੇਗੀ।

ਦੋਵੇਂ ਬਜ਼ੁਰਗ ਲੀਡਰ ਏਸ ਤਜਵੀਜ਼ ਨਾਲ ਸਹਿਮਤ ਸਨ। ਹੁਣ ਸਵਾਲ ਇਹ ਸੀ, ਕਿ ਮਾਸਟਰ ਜੀ ਨੂੰ ਕੌਣ ਮਨਾਵੇ। ਮੈਂ ਤਾਂ ਇਕ ਮਾਮੂਲੀ ਢਾਡੀ ਹੀ ਸਾਂ ਨਾਂ। ਪਰ ਉਹਨਾਂ ਦੋਹਾਂ ਆਗੂਆਂ ਵਿਚੋਂ ਵੀ ਕਿਸੇ ਦਾ ਹੌਂਸਲਾ ਨਾ ਪਿਆ ਮਾਸਟਰ ਜੀ ਨਾਲ ਗੱਲ ਕਰਨ ਦਾ। ਉਹਨਾਂ ਦੇ ਸੁਭਾ ਤੋਂ ਸਾਰੇ ਜਾਣੂ ਸਨ।

ਖ਼ੈਰ, ਪ੍ਰੋਗਰਾਮ ਅਨੁਸਾਰ ਜਲੂਸ ਵੀ ਨਿਕਲਿਆ, ਤੇ ਅਗਲੇ ਦਿਨ ਕਾਨਫ਼ਰੰਸ ਵੀ ਹੋਈ। ਦੋਹਾਂ ਕਾਨਫ਼ਰੰਸਾਂ ਦੇ ਸਟੇਜਾਂ ਦੇ ਸੰਨ੍ਹ ਵਿਚ ਇਕ ਸੜਕ ਸੀ। ਕਾਂਗਰਸ ਦੀ ਕਾਨਫ਼ਰੰਸ ਦਿਨ ਦੇ ਡੇਢ ਵਜੇ ਤੋਂ ਸ਼ੁਰੂ ਹੋਣੀ ਸੀ। ਸੋ ਪ੍ਰੋਗਰਾਮ ਅਨੁਸਾਰ ਅਕਾਲੀਆਂ ਨੇ ਪੂਰੇ ਇਕ ਵਜੇ ਭੋਗ ਪਾ ਦੇਣਾ ਸੀ। ਰਾਗੀ ਜੱਥੇ ਪਿਛੋਂ ਮੇਰੇ ਢਾਡੀ ਜਥੇ ਦੀ ਵਾਰੀ ਸੀ। ਸਾਰੇ ਨਾਮਵਰ ਲੀਡਰ ਸਟੇਜ 'ਤੇ ਬੈਠੇ ਸਨ। ਮੈਂ ਸਭਰਾਵਾਂ ਦੀ ਲੜਾਈ ਦੀ ਵਾਰ ਕਹੀ: "ਸ਼ਾਹ ਮੁਹੰਮਦਾ! ਇਕ ਸਰਕਾਰ ਬਾਝੋਂ,

ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।"

ਇਸ ਨੂੰ ਦਲੇਰੀ ਕਹਿ ਲਓ, ਗਲਤੀ ਜਾਂ ਫ਼ਰਜ਼, ਮੈਥੋਂ ਰਿਹਾ ਨਾ ਗਿਆ, ਮੈਂ ਸਾਫ਼ ਸ਼ਬਦਾਂ ਵਿਚ ਕਹਿ ਦਿਤਾ, "ਖ਼ਾਲਸਾ ਜੀ! ਕੌਮ ਜਿੱਤ ਗਈ ਹੈ, ਪਰ ਲੀਡਰ ਹਾਰ ਗਏ ਹਨ। ਕੀ ਇਹ ਦੱਸਣ ਦੀ ਕਿਰਪਾ ਕਰਨਗੇ, ਕਿ ਐਨੀ ਕੁਰਬਾਨੀ ਦੇਣ ਪਿਛੋਂ ਇਹਨਾਂ ਲਿਆ ਕੀ ਏ?"

ਸਟੇਜ ਸੈਕਟਰੀ ਨੇ ਫ਼ੌਰਨ ਉਠ ਕੇ ਮੇਰੇ ਅਗੋਂ ਮਾਈਕ ਚੁਕ ਲਿਆ। ਤੇ ਜਿੰਨਾ ਕੁਛ ਉਹ ਮੇਰੇ ਵਿਰੁਧ ਕਹਿ ਸਕਦਾ ਸੀ, ਮਾਲਕਾਂ

ਨੂੰ ਖ਼ੁਸ਼ ਕਰਨ ਵਾਸਤੇ ਕਿਹਾ।

ਫਿਰ ਵਾਰੀ ਆਈ ਲੀਡਰ ਸਾਹਿਬਾਨ ਦੀ। ਏਥੋਂ ਤਕ ਕਿ ਗਿਆਨੀ ਕਰਤਾਰ ਸਿੰਘ ਜੀ ਤੇ ਸ. ਹੁਕਮ ਸਿੰਘ ਜੀ ਨੇ ਵੀ ਮੇਰੀ ਮੁਖ਼ਾਲ-ਫ਼ਤ ਕੀਤੀ, ਪਰ ਬੜੀ ਸਾਊ ਬੋਲੀ ਵਿਚ। ਮਗਰੋਂ ਮਾਸਟਰ ਤਾਰਾ ਸਿੰਘ ਜੀ ਨੇ ਆਪਣੀ ਟਕਸਾਲੀ ਬੋਲੀ ਵਿਚ ਲੈਕਚਰ ਸ਼ੁਰੂ ਕੀਤਾ। ਉਹ ਏਨੇ ਗੁੱਸੇ ਵਿਚ ਸਨ, ਕਿ ਕਈ ਵਾਕ ਵੀ ਸਹੀ ਨਹੀਂ ਸਨ ਕਹਿ ਸਕਦੇ।

ਸਿੱਟਾ ਇਹ, ਕਿ 'ਅਕਾਲੀ ਕਾਨਫ਼ਰੰਸ' ਸਿਰਫ਼ ਮੇਰੇ ਖ਼ਿਲਾਫ਼ ਕਾਨਫ਼ਰੰਸ ਬਣ ਕੇ ਰਹਿ ਗਈ। ਸ਼ੁਕਰ ਹੈ, ਕਿ ਓਧਰੋਂ ਇਕ ਵੱਜ ਗਿਆ ਤੇ ਅਕਾਲੀਆਂ ਦੇ ਸਪੀਕਰ ਬੰਦ ਹੋ ਗਏ। (ਸਰਕਾਰ ਨਾਲ ਵਾਹਦਾ ਜੁ ਸੀ।)

ਮੈਂ ਤੇ ਮੇਰੇ ਸਾਥੀਆਂ ਨੇ ਤਾਂ ਓਥੋਂ ਖਿਸਕਣ ਦੀ ਕੀਤੀ। ਆਮ ਲੋਕਾਂ ਦੇ ਮਨ ਵਿਚ ਆਈ, "ਚਲੋ ਹੁਣ ਸੁਣੀਏਂ, ਪੰਡਿਤ ਨਹਿਰੂ ਕੀ ਕਹਿੰਦਾ ਏ।" ਸੋ ਬਹੁਤ ਸਾਰੇ ਲੋਕ ਉਠ ਕੇ ਸੜਕੋਂ ਦੂਜੇ ਪਾਸੇ ਕਾਂਗਰਸ ਦੀ ਕਾਨਫ਼ਰੰਸ ਵਿਚ ਜਾ ਬੈਠੇ।

ਅਗਲੇ ਦਿਨ ਅਖ਼ਬਾਰਾਂ ਵਿਚ ਪੰਡਤ ਨਹਿਰੂ ਦੀ ਕਾਨਫ਼ਰੰਸ ਦੀਆਂ ਫ਼ੋਟੋ ਛਪ ਗਈਆਂ। "ਮਹਾਨ ਨੇਤਾ, ਸਫਲ ਕਾਨਫ਼ਰੰਸ, ਅਥਾਹ ਇਕੱਠ, ਲੱਖਾਂ ਦੀ ਹਾਜ਼ਰੀ।"

ਸ਼ੁਕਰ ਏ, ਉਸ ਦਿਨ ਦੇ ਅਖ਼ਬਾਰਾਂ ਵਿਚ ਮੇਰਾ ਨਾਮ ਵੀ ਸੀ। ਸਿੱਖਾਂ ਦੇ ਮਹਾਨ ਲੀਡਰ ਮਾਸਟਰ ਤਾਰਾ ਸਿੰਘ ਜੀ ਦਾ ਬਿਆਨ। "ਮੋਹਣ ਸਿੰਘ ਸੀਤਲ ਨੂੰ ਅਕਾਲੀ ਦਲ ਵਿਚੋਂ ਕਢ ਦਿਤਾ ਗਿਆ ਹੈ। ਉਹ ਪੰਥ ਦਾ......।" ਆਪਣੇ ਬਾਰੇ ਆਪਣੀ ਕਲਮ ਨਾਲ ਕੀ ਲਿਖਾਂ? ਜਿੰਨੇ-ਕੁ ਸ਼ੁਭ ਸ਼ਬਦ ਵਰਤੇ ਜਾ ਸਕਦੇ ਸਨ, ਮੇਰੇ ਬਾਰੇ ਵਰਤੇ ਗਏ।

ਇਹ ਇਕੋ ਦਿਨ ਖ਼ਤਮ ਨਹੀਂ ਹੋ ਗਿਆ। ਹਰ ਰੋਜ਼ ਮੇਰੇ ਬਾਰੇ ਕੁਛ ਨਾ ਕੁਛ ਲਿਖਿਆ ਜਾਂਦਾ ਸੀ। ਏਥੋਂ ਤੱਕ, ਕਿ ਸੰਗਤਾਂ ਨੂੰ ਵਾਰ ਵਾਰ ਬੇਨਤੀ ਕੀਤੀ ਜਾਂਦੀ, "ਕੋਈ ਸਿੱਖ ਸੰਗਤ ਇਸ ਨੂੰ ਬੁਲਾਵੇ ਨਾ।"

ਅਕਾਲੀ ਦਲ 'ਚੋਂ ਕੱਢੇ ਜਾਣ ਬਾਰੇ ਮੈਂ ਸੋਚਦਾ, ਕਿ ਲਓ ਉਸ

ਸਿਪਾਹੀ ਦਾ ਨਾਮ ਕੱਟਿਆ ਗਿਆ ਏ, ਜਿਹੜਾ ਕਦੇ ਭਰਤੀ ਹੀ ਨਹੀਂ ਹੋਇਆ, ਮੈਂ ਅਕਾਲੀ ਦਲ ਦਾ ਹਿਮਾਇਤੀ ਤਾਂ ਸਾਂ, ਪਰ ਮੈਂਬਰ ਕਦੇ ਨਹੀਂ ਸਾਂ ਬਣਿਆਂ।

ਮੈਂ ਚੁੱਪ ਰਿਹਾ। ਹਫ਼ਤੇ ਕੁ ਪਿਛੋਂ ਮੇਰੇ ਪਾਸ ਸਮਝਾਉਣ ਵਾਲੇ ਉਪਕਾਰੀ ਸੱਜਣ ਔਣ ਲੱਗ ਪਏ।

"ਉ, ਤੂੰ ਹੀ ਜ਼ਿੱਦ ਛੱਡ ਦੇਹ। ਚੱਲ, ਮਾਸਟਰ ਜੀ ਤੋਂ ਮਾਫ਼ੀ ਮੰਗ ਲੈ।"

ਹਰ ਇਕ ਨਾਲ ਮੇਰਾ ਇਕੋ ਉਤਰ ਹੁੰਦਾ, "ਜੋ ਮੈਂ ਗੱਲ ਕਹੀ ਸੀ, ਉਹ ਸੱਚੀ ਹੈ, ਜਾਂ ਝੂਠੀ। ਏਨੀ ਕੌਮ ਕੈਦ ਕਰਵਾ ਕੇ ਕੀ ਲਿਆ ਏ ?"

"ਭਈ, ਗੱਲ ਤਾਂ ਤੇਰੀ ਸੱਚੀ ਸੀ, ਪਰ ਮਾਸਟਰ ਜੀ ਦੀ ਜ਼ਿੱਦ ਦਾ ਕੀ ਇਲਾਜ ? ਤੂੰ ਹੀ ਹਾਰ ਮੰਨ ਜਾਹ।"

"ਮੇਰੀ ਗ਼ਲਤੀ ਮੈਨੂੰ ਸਮਝਾ ਦਿਉ, ਮੈਂ ਹਰ ਤਰਾਂ ਮਾਫ਼ੀ ਮੰਗਣ ਨੂੰ ਤਿਆਰ ਹਾਂ। ਪਰ ਜੇ ਮੈਂ ਸੱਚ ਕਿਹਾ ਹੈ, ਤਾਂ ਮੈਂ ਆਪ ਹੀ ਆਪਣੇ 'ਸੱਚ' ਨੂੰ ਝੂਠ ਵਿਚ ਕਿਵੇਂ ਬਦਲਾਂ ?"

"ਗ਼ਲਤੀ ਕੋਈ ਨਹੀਂ ਸੀ, ਪਰ......।"

ਗੱਲ ਏਥੇ ਆ ਕੇ ਮੁੱਕ ਜਾਂਦੀ। ਪਰ ਮਾਸਟਰ ਜੀ ਵੱਲੋਂ ਗੱਲ ਨਹੀਂ ਸੀ ਮੁੱਕੀ। ਉਹਨਾਂ ਚਿੱਠੀਆਂ ਲਿਖ ਲਿਖ ਕੇ ਸਾਡੇ ਬੁੱਕ ਹੋ ਚੁਕੇ ਪ੍ਰੋਗਰਾਮ ਕੈਂਸਲ ਕਰਾ ਦਿਤੇ। ਜ਼ਿੱਦ ਏਸ ਗੱਲ ਦੀ ਸੀ, ਕਿ ਇਸ ਬੰਦੇ ਨੂੰ ਝੁਕਾ ਕੇ ਦਮ ਲੈਣਾ ਹੈ।

ਜਿੱਥੇ ਕੋਈ ਸਾਨੂੰ ਕੀਰਤਨ ਵਾਸਤੇ ਬੁਲਾ ਲੈਂਦਾ, ਪਿਛੋਂ ਉਸ ਤੋਂ ਪੁਛਿਆ ਜਾਂਦਾ, ਕਿ ਤੁਸਾਂ ਕਿਉਂ ਬੁਲਾਇਆ ਹੈ।

੧੯੬੦ ਈ. ਵਿਚ ਮਲਾਇਆ ਦੀ ਇਕ ਪਾਰਟੀ ਸਾਨੂੰ ਓਥੇ ਲੈ ਗਈ, ਤਾਂ ਮਾਸਟਰ ਜੀ ਦੇ 'ਹੁਕਮਨਾਮੇ' ਸਾਡੇ ਖ਼ਿਲਾਫ ਓਥੇ ਵੀ ਪਹੁੰਚ ਗਏ। ਕੌਮ ਦੀ ਖ਼ਾਤਰ ਸੱਚ ਕਹਿਣ ਦੀ ਸਜ਼ਾ।

ਪਰ ਮੈਨੂੰ ਇਸ ਬੇ-ਇਨਸਾਫ਼ੀ ਵਾਲੀ ਸਜ਼ਾ ਬਾਰੇ ਕੋਈ ਗਿਲਾ ਜਾਂ ਅਫ਼ਸੋਸ ਨਹੀਂ, ਮੇਰੀ ਆਤਮਾ ਕਹਿੰਦੀ ਹੈ, ਕਿ ਜੋ ਮੈਂ ਕਿਹਾ ਸੀ, ਉਹ ਠੀਕ ਸੀ।

G. S. S. K.
27-9-1995.

# ਮੰਗਿਆਂ ਤਾਂ ਪਾਪ ਵੀ ਉਧਾਰੇ ਨਹੀਂ ਮਿਲਦੇ

ਕਈ ਵਾਰ 'ਸੱਚ ਦੀ ਖ਼ਾਤਰ ਮਿਲੀ ਹੋਈ ਸਜ਼ਾ' ਵੀ ਵਰਦਾਨ ਬਣ ਜਾਂਦੀ ਹੈ। ਲੋਕ ਫੇਰ ਸਾਨੂੰ ਸੱਦਣ ਲੱਗ ਪਏ।

ਪਰ ਬੀਤੀ ਤੋਂ ਸਬਕ ਸਿੱਖ ਕੇ ਮੈਂ ਕੁਛ ਨਸ਼ਾਨਾ ਬਦਲ ਲਿਆ। ਨਾ ਮੈਂ ਕਿਸੇ ਪੋਲੀਟੀਕਲ ਪਾਰਟੀ ਦੇ ਉਚੇਚਾ ਹੱਕ ਵਿਚ ਕਹਿੰਦਾ, ਤੇ ਨਾ ਹੀ ਕਿਸੇ ਦਾ ਵਰੋਧ ਕਰਦਾ। ਸਿਰਫ਼ ਸਿੱਖ ਧਰਮ ਤੇ ਇਤਿਹਾਸ ਦਾ ਪਰਚਾਰ ਹੀ ਮੈਂ ਮਨੋਰਥ ਮਿਥ ਲਿਆ। 'ਧਰਮ ਨਾਲੋਂ ਧੜਾ ਪਿਆਰਾ' ਦਾ ਨੀਤਕ ਸਿਧਾਂਤ ਤਿਆਗ ਦਿਤਾ।

ਮੈਂ ਉਸ ਸਮੇਂ ਦੇ ਸਾਥੀਆਂ ਦਾ ਧੰਨਵਾਦੀ ਹਾਂ। ਉਹਨਾਂ ਉੱਤੇ ਵੀ ਦਬਾਅ ਪਾਇਆ ਗਿਆ, ਕਿ ਉਹ ਮੇਰਾ ਸਾਥ ਛੱਡ ਜਾਣ, ਪਰ ਉਹਨਾਂ ਸਾਥ ਨਾ ਛੱਡਿਆ।

ਜਿਉਂ ਜਿਉਂ ਵਿਰੋਧੀ ਫ਼ਤਵੇ ਪੁਰਾਣੇ ਹੁੰਦੇ ਗਏ, ਮੇਰੇ ਜਥੇ ਦੀ ਮਾਂਗ ਵਧਦੀ ਗਈ। ਇਹ ਪਚਵੰਜਾ-ਛਪੰਜਾ ਦੀ ਗੱਲ ਹੈ। ਅਸੀਂ ਅੰਮ੍ਰਿਤਸਰ ਦੇ ਇਕ ਮੁਹੱਲੇ ਵਿਚ ਦੋ ਦਿਨ ਦੇ ਪ੍ਰੋਗਰਾਮ 'ਤੇ ਸਾਂ। ਅਸੀਂ ਚੁਬਾਰੇ ਦੇ ਪਰਛਾਂਵੇਂ ਮੰਜਿਆਂ 'ਤੇ ਬੈਠੇ ਸਾਂ। ਹੇਠੋਂ ਪੌੜੀਆਂ ਚੜ੍ਹਨ ਦੀ ਆਵਾਜ਼ ਆਈ। ਮੇਰੇ ਸਾਥੀਆਂ ਨੇ ਔਣ ਵਾਲਿਆਂ ਵਾਸਤੇ ਇਕ ਮੰਜਾ ਖ਼ਾਲੀ ਕਰ ਦਿਤਾ।

ਔਣ ਵਾਲੀ ਇਕ ਬਾਈ-ਤੇਈ ਸਾਲ ਦੀ ਲੜਕੀ ਸੀ, ਤੇ ਇਕ ਬਿਰਧ ਮਾਈ। ਉਹ ਲੜਕੀ ਨਿਰਾ ਹੱਡੀਆਂ ਦਾ ਪਿੰਜਰ ਸੀ। ਪਤਾ ਨਹੀਂ, ਉਹਦੀ ਜਾਨ ਕਿਥੇ ਅੜੀ ਹੋਈ ਸੀ। ਉਹ ਮੇਰੇ ਪੈਰਾਂ ਵਿਚ ਬੈਠ ਗਈ। ਲਾਗੇ ਹੀ ਦੂਸਰੀ ਬਜ਼ੁਰਗ ਬੈਠ ਗਈ। ਮੈਂ ਬੜਾ ਜ਼ੋਰ ਲਾਇਆ, ਕਿ ਉਹ ਸਾਹਮਣੇ ਮੰਜੇ 'ਤੇ ਬੈਠਣ, ਪਰ ਉਹ ਮੰਨੀਆਂ ਨਾ।

ਪੰਜ-ਸੱਤ ਮਿੰਟ ਵਿਚ ਉਸ ਲੜਕੀ ਦਾ ਸਾਹ ਜ਼ਰਾ ਟਿਕਾਣੇ ਹੋਇਆ, ਤਾਂ ਧੀਮੀ ਜੇਹੀ ਵਾਜ ਵਿਚ ਬੋਲੀ, "ਪਿਤਾ ਜੀ! ਮੈਂ ਤੁਹਾਡੇ

ਨਾਲ ਕੁਛ ਗੱਲਾਂ ਕਰਨੀਆਂ ਨੇ, ਪਰ ਇਕੱਲਿਆਂ ਨਾਲ।"

ਮੇਰੇ ਸਾਥੀ ਇਸ਼ਾਰਾ ਪਾ ਕੇ ਦੂਸਰੇ ਕਮਰੇ ਵਿਚ ਚਲੇ ਗਏ।

ਸਾਹ ਲੈ ਕੇ ਉਹ ਲੜਕੀ ਬੋਲੀ, "ਮੇਰੀ ਉਮਰ ਮਸ੍ਹਾਂ ਚੌਦਾਂ ਸਾਲ ਦੀ ਸੀ, ਜਦ ਪਾਕਸਤਾਨ ਬਣਿਆਂ ਏ। ਆਉਂਦਿਆਂ ਮਾਪਿਆਂ ਨੇ ਮੇਰਾ ਵਿਆਹ ਕਰ ਦਿਤਾ। ਮੈਂ ਉਹਨਾਂ ਨੂੰ ਦੋਸ਼ੀ ਨਹੀਂ ਸਮਝਦੀ। ਉਹਨਾਂ ਕੋਲ ਆਪਣੇ ਖਾਣ ਨੂੰ ਨਹੀਂ ਸੀ, ਤਾਂ ਮੈਨੂੰ ਕਿਥੋਂ ਖੁਆਉਂਦੇ।"

ਕੁਛ ਚਿਰ ਸਾਹ ਲੈ ਕੇ ਉਹ ਫਿਰ ਬੋਲੀ, "ਮੇਰਾ ਪਤੀ ਇਕ ਪੱਖੋਂ ਦੇਵਤਾ ਹੈ, ਕਦੇ ਉਹਨੇ ਮੈਨੂੰ ਕੌੜਾ ਸ਼ਬਦ ਨਹੀਂ ਕਿਹਾ, ਤੇ ਇਕ ਪੱਖੋਂ... ਕੀ ਕਹਾਂ? ਬਾਈ ਸਾਲ ਦੀ ਉਮਰ ਏ ਮੇਰੀ, ਤੇ ਮੇਰੇ ਕੁੱਛੜ ਐਸ ਵੇਲੇ ਚੌਥਾ ਬੱਚਾ ਹੈ। ਡਾਕਟਰ ਕਹਿੰਦੇ ਨੇ, ਤੇਰੇ ਸਰੀਰ ਵਿਚੋਂ ਲਹੂ ਮੁੱਕ ਗਿਆ ਏ। ਤੂੰ ਮਾਸ ਖਾਏਂਗੀ, ਤਾਂ ਬਚੇਂਗੀ।"

"ਬੇਟਾ!" ਮੈਂ ਬੜੇ ਪਿਆਰ ਨਾਲ ਕਿਹਾ, "ਫਿਰ ਤੂੰ ਮਾਸ ਖਾ ਲੈ"।

"ਪਿਤਾ ਜੀ! ਮੈਂ ਉਸ ਖ਼ਾਨਦਾਨ ਵਿਚ ਜੰਮੀ ਆਂ, ਜਿਥੇ ਗੰਢੇ ਦਾ ਤੜਕਾ ਲਾਉਣਾ ਵੀ ਪਾਪ ਸਮਝਿਆ ਜਾਂਦਾ ਸੀ। ਹੁਣ ਜਾਨ ਬਚਾਉਣ ਬਦਲੇ ਮੈਂ ਪਾਪ ਦੀ ਭਾਗੀ ਕਿਵੇਂ ਬਣਾ?"

ਮੈਂ ਉਹਦੇ ਸਿਰ 'ਤੇ ਹੱਥ ਧਰ ਕੇ ਕਿਹਾ, "ਪੁੱਤਰ! ਤੂੰ ਮਾਸ ਖਾ ਲੈ। ਇਸ ਬਦਲੇ ਜੋ ਪਾਪ ਲੱਗੇਗਾ, ਉਹ ਮੇਰੇ ਸਿਰ ਰਿਹਾ।"

"ਨਹੀਂ, ਪਿਤਾ ਜੀ! ਮੈਂ ਆਪਣੇ ਪਾਪ ਕਿਸੇ ਨੂੰ ਦੇਣ ਵਾਸਤੇ ਤਿਆਰ ਨਹੀਂ।" ਉਸ ਵੇਲੇ ਜੋ ਉਸ ਦੀਆਂ ਅੱਖਾਂ ਵਿਚੋਂ ਚਮਕ ਨਜ਼ਰ ਆ ਰਹੀ ਸੀ, ਉਹ ਸ਼ਬਦਾਂ ਰਾਹੀਂ ਬਿਆਨ ਨਹੀਂ ਕੀਤੀ ਜਾ ਸਕਦੀ। "ਪਰ ਮੈਂ ਉਹਨਾਂ ਅਣਚਾਹੇ ਬੱਚਿਆਂ ਦੀ ਖ਼ਾਤਰ ਮਾਸ ਖਾ ਲਵਾਂਗੀ।"

ਮੈਂ ਪਿਆਰ ਨਾਲ ਉਹਦਾ ਸਿਰ ਪਲੋਸਦਿਆਂ ਕਿਹਾ, "ਬੇਟਾ! ਜਾਨ ਬਚਾਉਣ ਵਾਸਤੇ ਮਾਸ ਖਾ ਲੈਣਾ ਕੋਈ ਪਾਪ ਨਹੀਂ। ਤੇਰੀ ਜ਼ਿੰਦਗੀ ਸਿਰਫ਼ ਤੇਰੇ ਵਾਸਤੇ ਹੀ ਨਹੀਂ। ਇਸ ਦੀ ਤੇਰੇ ਬੱਚਿਆਂ ਨੂੰ

ਵੀ ਲੋੜ ਹੈ, ਤੇ ਤੇਰੇ ਪਤੀ ਨੂੰ ਵੀ।"

ਸਹਿਜ ਸਹਿਜ ਉਹ ਲੜਕੀ ਸ਼ਾਂਤ ਹੋ ਗਈ। ਜ਼ਰਾ ਸਾਹ ਲੈ ਕੇ ਉਹ ਮੇਰੇ ਪੈਰੀਂ ਹੱਥ ਲਾ ਕੇ ਬੋਲੀ, "ਪਿਤਾ ਜੀ ! ਤੁਸਾਂ ਮੈਨੂੰ ਮਰਨੋਂ ਬਚਾ ਲਿਆ ਹੈ। ਮੈਂ ਜੀਵਾਂਗੀ, ਉਹਨਾਂ ਸਾਰਿਆਂ ਬਦਲੇ ਜੀਵਾਂਗੀ, ਜਿਨ੍ਹਾਂ ਨੂੰ ਮੇਰੀ ਲੋੜ ਹੈ।"

ਕੁਛ ਚਿਰ ਪਿੱਛੋਂ ਉਹ ਦੋਵੇਂ ਉਠ ਕੇ ਚਲੀਆਂ ਗਈਆਂ।

ਮੈਂ ਕਿੰਨਾ ਚਿਰ ਸੋਚਦਾ ਰਿਹਾ। "ਉਹ ਹੋ ! ਕਿਸੇ ਤੋਂ ਕੁਛ ਮੰਗ ਕੇ ਆਪਣੇ ਆਪ ਵਿਚ ਹੌਲਿਆਂ ਨਹੀਂ ਪੈਣਾ ਚਾਹੀਦਾ। ਮੰਗਿਆਂ ਤਾਂ ਪਾਪ ਵੀ ਉਧਾਰੇ ਨਹੀਂ ਮਿਲਦੇ।"

G. S. S. K. —
27-9-1995—

# ਮਲਾਇਆ ਫੇਰੀ

ਇਹ ੧੯੬੦ ਈ: ਦੀ ਗੱਲ ਹੈ । ਮਲਾਇਆ ਦੀ ਇਕ 'ਸਿੱਖ ਸੁਸਾਇਟੀ' ਵਲੋਂ ਸੱਦਾ ਪੱਤਰ ਲੈ ਕੇ ਗਿ: ਇੰਦਰ ਸਿੰਘ ਜੀ ਮੇਰੇ ਪਾਸ ਪਹੁੰਚੇ। ਸੁਭਾਵਕ ਹੀ ਕਿਸੇ ਹੋਰ ਮੁਲਕ ਦੀ ਸੈਰ ਕਰਨ ਦੀ ਇੱਛਿਆ ਉਸ ਉਮਰ ਹੁੰਦੀ ਹੈ। ਫਿਰ ਬੇਗਾਨੇ ਖ਼ਰਚ 'ਤੇ। ਪੱਲਿਓਂ ਕੁਛ ਦੇਣ ਦੀ ਥਾਂ, ਸਗੋਂ ਕੁਛ ਲੈ ਹੀ ਔਣਾ ਸੀ।

ਇਹ ਮੇਰਾ ਸਮੁੰਦਰੀ ਸਫ਼ਰ ਦਾ ਪਹਿਲਾ ਤਜਰਬਾ ਸੀ । ਕਲਕੱਤੇ ਤੋਂ ਜਹਾਜ਼ ਵਿਚ ਬੈਠੇ । ਦੋ ਦਿਨ 'ਰੰਗੂਨ' ਰਹੇ । ਯਾਦਗਾਰੀ ਥਾਂਵਾਂ ਫਿਰਕੇ ਵੇਖੀਆਂ । ਅਗਲੇ ਦਿਨ 'ਪੀਨਾਂਗ' ਜਾ ਉਤਰੇ। ਦੋ ਦਿਨ ਓਥੇ ਗੁਜ਼ਾਰੇ, ਤੇ ਅਗਾਂਹ ਮਲਾਇਆ ਦੀ ਰਾਜਧਾਨੀ 'ਕੁਆਲਾ ਲੰਪਰ' ਜਾ ਪੁੱਜੇ। ਏਸ ਟੂਰ ਵਿਚ ਦਸ ਕੁ-ਦਿਨ 'ਥਾਈਲੈਂਡ ਦੀ ਰਾਜਧਾਨੀ ਬੈਂਕੋਕ' ਰਹੇ, ਤੇ ਪੰਦਰਾਂ-ਸੋਲਾਂ ਦਿਨ 'ਸਿੰਘਾਪੁਰ'। ਬਾਕੀ ਪੰਜ ਮਹੀਨੇ ਸਾਰਾ ਮਲਾਇਆ ਫਿਰ ਕੇ ਵੇਖਿਆ।

"ਹੈਂ ? ਉਹ ਮਲਾਇਆ ਚਲਾ ਗਿਆ ?" ਮੇਰੇ ਵਰੋਧੀਆਂ ਦੇ ਫੱਟ ਨਵੇਂ ਸਿਰਿਓਂ ਸੱਜਰੇ ਹੋ ਗਏ। ਉਹਨਾਂ ਮੇਰੇ ਖ਼ਿਲਾਫ਼ ਓਥੇ ਵੀ ਬਥੇਰੀਆਂ ਚਿੱਠੀਆਂ ਲਿਖੀਆਂ, ਪਰ ਉਹਨਾਂ ਦਾ ਅਸਰ ਕੋਈ ਨਾ ਹੋਇਆ ।

ਮੇਰੀ ਤਾਂ ਇਕੋ ਟੇਕ ਸੀ; "ਪ੍ਰਭ ਡੋਰੀ ਹਾਥਿ ਤੁਮਾਰੇ।"

ਇਸ ਫੇਰੀ ਬਾਰੇ ਮੈਂ ਨਾਵਲ "ਕਾਲੇ ਪਰਛਾਂਵੇਂ" ਲਿਖਿਆ, ਜਿਸਨੂੰ ਪਹਿਲਾ ਇਨਾਮ ਮਿਲਿਆ।

G. S. S.
27-9-95

—

# ਪਰਦੇਸ ਨਾਲ ਸਾਂਝ

ਪਾਕਸਤਾਨ 'ਚੋਂ ਉੱਜੜ ਕੇ ਆਏ, ਤਾਂ ਪਹਿਲਾਂ 'ਜ਼ੀਰੇ' ਵਿਚ ਪੰਜ ਏਕੜ ਜ਼ਮੀਨ ਮਿਲੀ। (ਤਿੰਨ ਸਾਲ ਪਿੱਛੋਂ ਜ਼ੀਰੇ ਵਿਚ ੬੨ ਏਕੜ ਪੱਕੀ ਅਲਾਟ ਹੋਈ।) ਉਹ ਤਿੰਨ ਸਾਲ ਅਸਾਂ ਬਹੁਤ ਔਖੇ ਕੱਟੇ। ਜ਼ੀਰਾ ਛੱਡ ਕੇ ਲੁਧਿਆਣੇ ਪ੍ਰਿੰਟਿੰਗ ਪ੍ਰੈਸ ਆ ਲਾਇਆ।

ਵੱਡੇ ਦੋਵੇਂ ਲੜਕੇ ਪੜ੍ਹਨੋਂ ਵੇਹਰ ਗਏ। (ਉਹ ਪੜ੍ਹਨਾ ਚਾਹੁੰਦੇ ਵੀ, ਤਾਂ ਮੇਰੇ ਵੱਸੋਂ ਬਾਹਰ ਸੀ।) ਤੀਸਰਾ ਲੜਕਾ ਰਘਬੀਰ ਸਿੰਘ ਤੇ ਉਸ ਤੋਂ ਛੋਟੀ ਲੜਕੀ ਪੜ੍ਹਦੇ ਰਹੇ। ਲੜਕੀ **M. A. B. Ed.** ਕਰ ਗਈ। ਰਘਬੀਰ ਸਿੰਘ ਨੇ 'ਦਇਆ ਨੰਦ ਕਾਲਜ' ਵਿਚੋਂ ਡਾਕਟਰੀ ਪਾਸ ਕਰ ਲਈ। ਉਸ ਦੀ ਇੱਛਿਆ ਇੰਗਲੈਂਡ ਵਿਚ ਸਰਜਰੀ ਦੀ ਉੱਚੀ ਵਿੱਦਿਆ ਪ੍ਰਾਪਤ ਕਰਨਾ ਸੀ। ਸੋ ਅਗਸਤ ੧੯੬੦ ਈ: ਵਿਚ ਉਹ ਇੰਗਲੈਂਡ ਪੁੱਜ ਗਿਆ।

ਇੰਗਲੈਂਡ ਵਿਚ ਉਹਨੇ ਪੰਜ ਸਾਲ ਲਾਏ। ਕਿਸੇ ਇਕ ਮਜ਼ਮੂਨ ਵਿਚ ਸਪੈਸ਼ਲਿਸਟ ਬਣਨ ਦੀ ਥਾਂ ਉਹਨੇ ਸਰਬ-ਪੱਖੀ (ਆਲ ਰਾਊਂਡ) ਸਰਜਰੀ ਸਿੱਖੀ। ਪੰਜ ਸਾਲ ਪਿਛੋਂ ਉਹ ਘਰ ਆਇਆ। ਮਾਂ ਨੇ ਛਾਤੀ ਨਾਲ ਲਾਇਆ, ਤਾਂ ਉਹਦੇ ਮਨ ਨੂੰ ਸ਼ਾਂਤੀ ਹੋਈ। ਤੇ ਮੈਂ? ਇਕ ਪੱਖੋਂ ਖ਼ੁਸ਼ ਸਾਂ, ਤੇ ਇਕ ਪੱਖੋਂ......। ਜਦ ਮੈਂ ਉਹ ਨੂੰ ਤੋਰਿਆ ਸੀ, ਉਹ ਅੰਮ੍ਰਿਤਧਾਰੀ ਸੀ। ਤੇ ਜਦੋਂ ਵਾਪਸ ਆਇਆ, ਸਿਰ 'ਤੇ ਕੇਸ ਵੀ ਨਹੀਂ ਸਨ। ਮੇਰੇ ਮਨ 'ਤੇ ਬਹੁਤ ਚੋਟ ਲੱਗੀ, ਪਰ ਸਭ ਕੁਛ ਸਹਿਣਾ ਪਿਆ।

ਕੁਛ ਚਿਰ ਪਿਛੋਂ ਭਵਿੱਖ ਬਾਰੇ ਗੱਲਾਂ ਚੱਲੀਆਂ। ਮੈਂ ਕਿਹਾ, "ਰਘਬੀਰ! ਕਿਸੇ ਡਾਕਟਰ ਦਾ ਵਲੈਤ ਪਾਸ ਹੋਣਾ ਹੀ ਏਥੇ ਬਹੁਤ ਵੱਡੀ ਸ਼ੁਹਰਤ ਹੈ। ਤੂੰ ਆਪਣੀ ਦੁਕਾਨ ਖੋਹਲ ਲਵੇਂਗਾ, ਤਾਂ ਤੈਨੂੰ ਕੋਈ ਘਾਟਾ ਨਹੀਂ।"

ਉਸਦਾ ਉੱਤਰ ਸੀ, "ਪਿਤਾ ਜੀ! ਮੈਂ ਪੰਜ ਸਾਲ ਉਹਨਾਂ ਲੋਕਾਂ

ਵਿਚ ਕੱਟੇ ਨੇ, ਜਿੱਥੇ ਡਾਕਟਰ ਦਾ ਧਰਮ ਮਰੀਜ਼ ਦੀ ਜਾਨ ਬਚਾਉਣਾ ਹੈ, ਤੇ ਏਥੇ ਤਾਂ ਮਰੀਜ਼ ਤੜਪ ਤੜਪ ਕੇ ਮਰ ਜਾਏ, ਜਿੰਨਾ ਚਿਰ ਘਰ ਦੇ ਡਾਕਟਰ ਨੂੰ ਕੁਛ ਦੇਣ ਨਾ, ਡਾਕਟਰ ਵੇਖਦਾ ਹੀ ਨਹੀਂ । ਮੈਨੂੰ ਕੈਨੇਡਾ ਜਗ੍ਹਾ ਮਿਲ ਗਈ ਹੈ, ਮੈਂ ਓਥੇ ਚਲੇ ਜਾਣਾ ਹੈ।"

'ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੈ' ਦੇ ਅਸੂਲ ਸਾਮ੍ਹਣੇ ਸਿਰ ਝੁਕਾਇਆ, ਤੇ ਉਹਨੂੰ ਖ਼ੁਸ਼ੀ ਨਾਲ ਤੋਰ ਦਿਤਾ।

ਉਸਦੇ ਵਸੀਲੇ ਨਾਲ ਵੱਡੇ ਦੋਵੇਂ ਲੜਕੇ ਵੀ ਕੈਨੇਡਾ ਦੇ ਸ਼ਹਿਰੀ ਬਣ ਗਏ। ਇਸ ਤਰ੍ਹਾਂ ਉਸ ਦੇਸ ਨਾਲ ਸਾਡੀ ਪੱਕੀ ਸਾਂਝ ਬਣ ਗਈ।

ਦੋ ਵਾਰ ਅਸੀਂ ਵੀ ਦੋਵੇਂ ਜੀਅ ਗਏ । ਭਾਵੇਂ ਬੱਚਿਆਂ ਦੀ ਇੱਛਿਆ ਸਾਨੂੰ ਪੱਕੇ ਤੌਰ ਤੇ ਓਥੋਂ ਦੇ ਸ਼ਹਿਰੀ ਬਣਾ ਲੈਣ ਦੀ ਸੀ, ਪਰ ਅਸੀਂ ਪੰਜਾਬ ਦਾ ਮੋਹ ਤਿਆਗ ਨਾ ਸੱਕੇ । ਦੋਵੇਂ ਵਾਰ ਦੋ-ਦੋ ਮਹੀਨੇ ਓਥੇ ਰਹਿ ਕੇ ਅਸੀਂ ਵਾਪਸ ਆ ਗਏ।

ਦੁਨੀਆਂ ਦੇ ਕਿਸੇ ਮੁਲਕ ਦੀ ਕੀ ਗੱਲ, ਸਿੱਖ ਤਾਂ ਸੁਰਗ ਵਿਚ ਵੀ ਚਲਾ ਜਾਏ, ਤਾਂ ਉਹਨੂੰ ਪੰਜਾਬ ਨਹੀਂ ਭੁੱਲੇਗਾ।

G.S.S.K.
28-9-1995.

—

# ਮੇਰੀਆਂ ਬੀਮਾਰੀਆਂ

ਮੇਰਾ ਨਿਸਚਾ ਹੈ, ਕਿ ਪਿਛਲੇ ਜਨਮ ਦੇ ਕਰਮ ਇਨਸਾਨ ਦੇ ਨਾਲ ਔਂਦੇ ਹਨ। ਬੈਂਕ ਦੇ ਡੈਬਿੱਟ ਕਰੈਡਿੱਟ ਖਾਤੇ ਵਾਂਗ ਉਹਨਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਪਹਿਲੇ ਲੇਖ ਵਿਚ ਹੀ ਮੈਂ 'ਕੁਦਰਤ ਦੀ ਕਰੋਪੀ' ਦਾ ਜ਼ਿਕਰ ਕਰ ਆਇਆ ਹਾਂ। ਮੈਂ ਅੱਠ ਸਾਲ ਦਾ ਹੋਇਆ, ਤਾਂ ਮੈਨੂੰ ਮਿਆਦੀ (ਟਾਈਫ਼ਾਈਡ) ਬੁਖ਼ਾਰ ਹੋ ਗਿਆ। ਚੌਵੀ-ਪੰਝੀ ਦਿਨ ਮੈਨੂੰ ਹੋਸ਼ ਤਕ ਨਾ ਰਹੀ। ਸਮਾਂ ਅਜੇਹਾ ਆ ਗਿਆ, ਕਿ ਮੇਰੇ ਮਾਪੇ ਮੇਰੀ ਜ਼ਿੰਦਗੀ ਤੋਂ ਨਿਰਾਸ ਹੋ ਗਏ। ਪਰ 'ਪ੍ਰਭ ਭਾਵੈ, ਬਿਨੁ ਸਾਸ ਤੇ ਰਾਖੈ'। ਈਸ਼ਵਰ ਨੇ ਮੈਥੋਂ ਜੋ ਸੇਵਾ ਲੈਣੀ ਸੀ, ਉਸ ਬਦਲੇ ਬਚਾ ਲਿਆ।

੧੯੩੦ ਵਿਚ ਫਿਰ ਮਿਆਦੀ ਬੁਖ਼ਾਰ ਹੋ ਗਿਆ। ਉਹ ਵੀ ਚੌਵੀ-ਪੰਝੀ ਦਿਨ ਰਿਹਾ। ਉਸ ਵੇਲੇ ਦੀ ਇਕ ਯਾਦ ਅਜੇ ਵੀ ਬਾਕੀ ਹੈ। ਬੁਖ਼ਾਰ ਦੀ ਘੂਕੀ ਵਿਚ ਊਠ, ਘੋੜੇ, ਹਾਥੀ ਤੇ ਅਜੇਹੇ ਹੋਰ ਭਿਆਨਕ ਜਾਨਵਰ ਨਜ਼ਰ ਔਂਦੇ ਸਨ। ਪਰ ਉਹਨਾਂ ਤੋਂ ਡਰ ਕੇ ਨੱਸਣ ਦਾ ਕੋਈ ਚਾਰਾ ਨਹੀਂ ਸੀ।

ਬੁਖ਼ਾਰ ਉੱਤਰ ਗਿਆ, ਪਰ ਸਰੀਰ ਬਹੁਤ ਕਮਜ਼ੋਰ ਹੋ ਗਿਆ। ਇਹ ਦੂਸਰੀ ਕਿਸ਼ਤ ਸੀ।

੧੯੬੩ ਈ: ਵਿਚ 'ਨੀਊਰੈਲਜੀਆ' (ਅੱਧੇ ਸਿਰ ਦੀ ਪੀੜ) ਹੋ ਗਿਆ। ਦਰਦ ਸੱਜੇ ਪਾਸੇ ਸੀ। ਕਈ ਡਾਕਟਰਾਂ ਨੂੰ ਇਸ ਰੋਗ ਦਾ ਛੇਤੀ ਪਤਾ ਹੀ ਨਾ ਲੱਗਾ। ਤਕਲੀਫ਼ ਹੱਦੋਂ ਵਧ ਗਈ। ਰਘਬੀਰ ਸਿੰਘ ਉਸ ਵੇਲੇ ਇੰਗਲੈਂਡ ਵਿਚ ਸੀ। ਮੈਂ ਉਸਨੂੰ ਸਾਰਾ ਵੇਰਵਾ ਲਿਖ ਘਲਿਆ।

ਉਤਰ ਆਇਆ, "ਪਿਤਾ ਜੀ ! ਇਸ ਬਿਮਾਰੀ ਦਾ ਨਾਮ 'ਨੀਊਰੈਜੀਆ' ਹੈ। ਦੋਹਾਂ ਜਬਾੜਿਆਂ ਦੇ ਮਿਲਾਪ ਵਾਲੇ ਥਾਂ ਇਸ ਨਾੜ

ਦਾ ਮੁੱਢ ਹੈ, ਪਰ ਮੂੰਹ ਕਿਤੇ ਨਹੀਂ। ਇਸ ਵਿਚ ਕਿਤੇ ਲਹੂ ਦੀ ਚਿੜੰਗ ਅਟਕ ਜਾਂਦੀ ਹੈ। ਉਹ ਦਰਦ ਕਰਦੀ ਹੈ, ਐਲੋਪੈਥੀ ਵਿਚ ਇਸ ਦਾ ਇਕੋ ਇਲਾਜ ਹੈ, ਕਿ ਜਿਹੜੀ ਨਾੜੀ ਦਮਾਗ਼ ਨੂੰ ਇਤਲਾਹ ਦੇਂਦੀ ਹੈ, ਔਪਰੇਸ਼ਨ ਕਰਕੇ ਉਹ ਕੱਟ ਦੇਂਦੇ ਹਨ। ਇਸ ਤਰ੍ਹਾਂ ਬਿਮਾਰੀ ਤਾਂ ਕਾਇਮ ਦੀ ਕਾਇਮ ਰਹੀ, ਪਰ ਦਮਾਗ਼ ਨੂੰ ਖ਼ਬਰ ਨਹੀਂ। ਕੁਛ ਸਮੇਂ ਬਾਅਦ ਕਿਸੇ ਹੋਰ ਨਾੜੀ ਰਾਹੀਂ ਦਮਾਗ਼ ਨੂੰ ਖ਼ਬਰ ਜਾਣ ਲੱਗ ਪੈਂਦੀ ਹੈ। ਪਰ ਇਸ ਔਪਰੇਸ਼ਨ ਵਾਸਤੇ ਕੇਸ ਕਟਾਉਣੇ ਪੈਂਦੇ ਹਨ। ਤੁਸੀਂ ਡਾਕਟਰ 'ਸ਼ਰਮਾ' ਪਾਸੋਂ ਅਲਕੋਹਲ ਦਾ ਟੀਕਾ ਕਰਾ ਵੇਖੋ।"

ਮੈਂ ਡਾਕਟਰ ਸ਼ਰਮਾ ਪਾਸ ਗਿਆ। ਰਘਬੀਰ ਸਿੰਘ ਉਹਦੇ ਕੋਲ ਪੜ੍ਹ ਕੇ ਗਿਆ ਸੀ। ਉਸਨੇ ਕਿਹਾ, "ਜਬਾੜੇ ਕੋਲੋਂ ਦਾਹੜੇ ਦੇ ਕੁਛ ਵਾਲ ਸਾਫ਼ ਕਰਨੇ ਪੈਣਗੇ। ਪਰ ਮੈਂ ਇਹ ਸ਼ਰਤ ਨਾ ਮੰਨਿਆਂ। ਰਘਬੀਰ ਦੇ ਲਿਹਾਜ਼ ਕਾਰਨ (ਜਾਂ ਕੁਛ ਮੇਰਾ ਵੀ ਨਾਮ ਸੀ), ਡਾਕਟਰ ਬਿਨਾਂ ਰੋਮ ਸਾਫ਼ ਕੀਤੇ ਟੀਕਾ ਕਰਨਾ ਮੰਨ ਗਿਆ। ਅੱਸੀ ਪਰਸੈਂਟ ਅਲਕੋਹਲ ਦਾ ਟੀਕਾ ਕੀਤਾ ਗਿਆ। ਸਿਰ ਦਾ ਸਾਰਾ ਸੱਜਾ ਪਾਸਾ ਸੁੰਨ ਹੋ ਗਿਆ। ਡਾਕਟਰ ਨੇ ਕਿਹਾ "ਗਿਆਨੀ ਜੀ! ਇਹ ਜ਼ਹਿਰ ਹੈ। ਇਕ ਘੰਟਾ ਏਥੋਂ ਮੇਜ਼ ਤੋਂ ਹਿੱਲਣਾ ਨਹੀਂ। ਨਹੀਂ ਤਾਂ ਬੇਹੋਸ਼ ਹੋ ਕੇ ਡਿੱਗ ਪਵੋਗੇ।"

ਸੱਚ ਹੀ ਮੈਨੂੰ ਕੁਛ ਸਮਾਂ ਕੋਈ ਸੁਰਤ ਨਾ ਰਹੀ। ਜ਼ਰਾ ਹੋਸ਼ ਆਈ, ਤਾਂ ਮੈਂ ਰਿਕਸ਼ਾ ਲੈ ਕੇ ਘਰ ਪੁੱਜਾ।

ਅਗਲੇ ਅੱਠ ਦਿਨ ਮੈਂ ਕਿਵੇਂ ਕੱਟੇ? ਪੁੱਛੋ ਕੁਛ ਨਾ। ਨਾ ਮੈਂ ਕੁਛ ਖਾ ਸਕਿਆ, ਨਾ ਪੀ ਸੱਕਿਆ। ਮੂੰਹ ਧੋਣਾ ਤਾਂ ਇਕ ਪਾਸੇ ਰਿਹਾ, ਮੁੱਛ ਦੇ ਵਾਲ 'ਤੇ ਵੀ ਹੱਥ ਲੱਗ ਜਾਂਦਾ ਸੀ, ਤਾਂ ਜਾਨ ਨਿਕਲਦੀ ਸੀ। ਅੱਖ ਝਮਕਣੀ ਵੀ ਮੁਸ਼ਕਲ ਸੀ। ਬੱਸ ਸਿਰੜ ਕਰਕੇ ਅੱਖਾਂ ਮੀਟ ਕੇ ਬੈਠਾ ਰਹਿੰਦਾ ਸਾਂ। ਮੇਰੇ ਮੱਥੇ ਉਤੇ ਸਿੱਕਰ ਜੰਮ ਗਿਆ ਸੀ। ਸੱਚ ਜਾਣੋ, ਜੇ ਪਰਾਣਕ ਰਿਸ਼ੀਆਂ ਵਾਂਗ ਮੈਂ ਕਿਸੇ ਨੂੰ ਸਰਾਪ ਵੀ ਦੇਣਾ

ਚਾਹੁੰਦਾ, ਤਾਂ ਇਹ ਸਰਾਪ ਨਾ ਦੇਂਦਾ।

ਇਕ ਵਾਰ ਇਕ ਸੱਜਣ ਨੇ ਪੁੱਛਿਆ, "ਫਿਰ ਇਹ ਪੀੜ ਜਰੀ ਕਿਵੇਂ ?"

ਮੇਰਾ ਉੱਤਰ ਸੀ, "ਹੋਰ ਚਾਰਾ ਕੀ ਸੀ।"

ਹੁਣ ਹੋਰ ਮੁਸ਼ਕਲ ਸਾਮ੍ਹਣੇ ਆ ਗਈ। ਘਰ ਦੇ ਵੀ ਤੇ ਸੱਜਣ ਮਿੱਤਰ ਵੀ ਜ਼ੋਰ ਦੇਣ ਲੱਗੇ, ਕਿ ਮੈਂ ਜ਼ਿਦ ਛਡ ਦਿਆਂ, ਤੇ ਔਪਰੇਸ਼ਨ ਕਰਾ ਲਵਾਂ।

ਇਸਦਾ ਮਤਲਿਬ ਸੀ, ਕਿ ਜੇ ਸਾਰੇ ਨਹੀਂ, ਤਾਂ ਇਕ ਪਾਸੇ ਦੇ ਕੇਸ ਜ਼ਰੂਰ ਕੱਟਣੇ ਪੈਣਗੇ। ਪੰਜਵਾਂ ਦਿਨ ਹੋ ਗਿਆ ਸੀ। ਮੇਰੀ ਪਤਨੀ ਨੇ ਰੋ ਕੇ ਕਿਹਾ, "ਮੈਥੋਂ ਜਰਿਆ ਨਹੀਂ ਜਾਂਦਾ। ਔਪਰੇਸ਼ਨ ਕਰਾ ਲਵੋ। ਮੇਰੇ ਵੱਲੇ ਵੇਖੋ। ਮੇਰੇ ਤੇ ਤਰਸ ਕਰੋ।"

ਮੈਥੋਂ ਝੱਲਿਆ ਨਾ ਗਿਆ। ਮੈਂ ਉਹਦਾ ਹੱਥ ਫੜ ਕੇ ਕਿਹਾ, "ਦੋ ਦਿਨ ਹੋਰ ਉਡੀਕ ਲਵੋ। ਉਹਦੇ ਅੱਗੇ ਅਰਦਾਸ ਕਰੋ।"

ਮੈਂ ਸਾਰੀ ਰਾਤ ਅਰਦਾਸ ਕਰਦਾ ਰਿਹਾ, "ਸੱਚੇ ਪਾਤਸ਼ਾਹ! ਜੋ ਜੰਮਿਆਂ ਹੈ, ਉਹਨੇ ਮਰਨਾ ਤਾਂ ਹੈ ਹੀ। ਮਰਨ ਦੀ ਚਿੰਤਾ ਨਹੀਂ। ਇਹ ਕਾਇਆਂ ਤੇਰੇ ਵੱਸਣ ਵਾਲਾ ਮਹਿਲ ਹੈ, ਤੇ ਕੇਸ ਮਹਿਲ ਉਤੇ ਤੇਰਾ ਝੰਡਾ। ਕੇਸਾਂ ਦੀ ਬੇਅਦਬੀ ਨਾ ਹੋਵੇ।"

ਦੂਸਰੀ ਰਾਤ ਮੈਨੂੰ ਮਾੜੀ ਜੇਹੀ ਊਂਘ ਆ ਗਈ। ਅੰਤਰ ਆਤਮੇ ਮੈਨੂੰ ਐਸਾ ਮਹਿਸੂਸ ਹੋਇਆ, ਜਿਵੇਂ ਮੇਰੀ ਦਰਦ ਕੁਛ ਘਟ ਰਹੀ ਹੈ।

ਸਵੇਰੇ ਉਠਦਿਆਂ ਮੈਂ ਜੀਵਨ-ਸਾਥਣ ਨੂੰ ਕਿਹਾ, "ਕਰਮਾਂ ਵਾਲੀਏ! ਮਹਾਰਾਜ ਨੇ ਮੇਰੀ ਅਰਦਾਸ ਸੁਣ ਲਈ ਹੈ। ਪਾਣੀ ਗਰਮ ਕਰੋ, ਮੈਂ ਮੂੰਹ ਧੋਵਾਂਗਾ।"

ਮੇਰਾ ਨਿਸਚਾ ਹੈ, ਕਿ ਸਾਰੀ ਜ਼ਿੰਦਗੀ ਵਿਚ ਅਸੀਂ ਇਕ-ਅੱਧੀ ਵਾਰ ਸੱਚੇ ਦਿਲੋਂ ਅਰਦਾਸ ਕਰਦੇ ਹਾਂ। ਤੇ ਉਹ ਕਦੇ ਬਿਰਥੀ ਨਹੀਂ ਜਾਂਦੀ। ਰੋਜ਼ ਤਾਂ ਐਵੇਂ ਫ਼ਰਜ਼ ਪੂਰਾ ਕਰਦੇ ਹਾਂ।

ਅੱਜ ਹੋਰ, ਭਲਕੇ ਹੋਰ ਉਸ ਤਕਲੀਫ਼ ਤੋਂ ਆਰਾਮ ਔਂਦਾ ਗਿਆ। ਮੈਂ ਹੱਥ ਜੋੜ ਕੇ ਕਿਹਾ, "ਮਾਂ! ਮੈਂ ਤੇਰੇ ਮੱਖਣਾਂ ਨਾਲ ਪਾਲੇ ਹੋਏ ਸੁੱਚੇ ਕੇਸ ਜੂਠੇ ਨਹੀਂ ਹੋਣ ਦਿਤੇ।"

('ਵੇਖੀ ਮਾਣੀ ਦੁਨੀਆਂ' ਵਿਚ ਮੈਂ ਪੂਰਾ ਵੇਰਵਾ ਦੇ ਆਇਆ ਹਾਂ। ਗਿ: ਸੁਖਬੀਰ ਸਿੰਘ ਜੀ—ਭਾਈ ਮੋਹਨ ਸਿੰਘ ਵੈਦ, ਤਰਨ ਤਾਰਨ—ਨੇ ਇਸ ਬੀਮਾਰੀ ਵਿਚ ਜੋ ਮੇਰੀ ਸੇਵਾ ਕੀਤੀ ਹੈ, ਮੈਂ ਭੁੱਲ ਨਹੀਂ ਸਕਦਾ।)

ਅਜੇ ਕੁਛ ਹਿਸਾਬ ਬਾਕੀ ਸੀ। ੧੯੭੦ ਈ: ਵਿਚ ਮੈਨੂੰ ਪਲੂਰਸੀ ਹੋ ਗਈ, ਖੱਬੇ ਫੇਫੜੇ ਵਿਚ ਪਾਣੀ ਪੈ ਗਿਆ। ਮੈਂ ਪੰਜ ਮਹੀਨੇ ਮੰਜੇ 'ਤੇ ਪਿਆ ਰਿਹਾ, ਤੇ ਪੈਂਤੀ ਕਿੱਲੋ ਵਜ਼ਨ ਘਟ ਗਿਆ। ਸਿਰਫ਼ ਪਿੰਜਰ ਹੀ ਰਹਿ ਗਿਆ। ਇਸ ਬੀਮਾਰੀ ਵਿਚ ਡਾ: ਮਾਘੀ ਰਾਮ ਨੇ ਜੋ ਮੇਰੀ ਸੇਵਾ ਕੀਤੀ, ਮੈਂ ਕਦੇ ਭੁੱਲ ਨਹੀਂ ਸਕਦਾ।

ਤੇ ੧੯੭੩ ਈ: ਵਿਚ ਪੇਸ਼ਾਬ ਦੀ ਰੁਕਾਵਟ ਹੋ ਗਈ। ਔਪਰੇਸ਼ਨ ਕਰੌਣਾ ਪਿਆ। ਖ਼ੂੰਨ ਬਹੁਤ ਚਲਾ ਗਿਆ। ਮੈਨੂੰ ਬਾਈ ਦਿਨ ਹਸਪਤਾਲ ਵਿਚ ਰਹਿਣਾ ਪਿਆ।

ਮੈਂ ਆਪ ਹੈਰਾਨ ਹਾਂ, ਕਿ ਐਨੀਆਂ ਬੀਮਾਰੀਆਂ ਦੇ ਬਾਵਜੂਦ ਜੇ ਮੈਂ ਅਜੇ ਵੀ ਕੁਛ ਕੰਮ ਕਰਨ ਜੋਗਾ ਹਾਂ, ਤਾਂ ਉਹਦੀ ਕਿਰਪਾ ਹੈ। ਉਸਨੇ ਜੋ ਸੇਵਾ ਲੈਣੀ ਹੈ, ਉਸ ਲਈ ਉਸਨੇ ਸਮਰੱਥਾ ਵੀ ਬਖ਼ਸ਼ ਦੇਣੀ ਹੈ।

G.S.S.K.
28-9-1995

# ਇੰਗਲੈਂਡ ਵਿਚ ਕੀ ਵੇਖਿਆ

'ਅਕਬਰ' ਅਲਾਹਾਬਾਦੀ ਦਾ ਇਕ ਸ਼ੇਅਰ ਹੈ :

"ਚਲੇ ਹੈਂ ਸ਼ੇਖ਼ ਕਾਅਬੇ ਕੋ, ਹਮ ਇੰਗਲਸਤਾਨ ਦੇਖੇਂਗੇ।
ਵੁਹ ਦੇਖੇਂ ਘਰ ਖ਼ੁਦਾ ਕਾ, ਹਮ ਖ਼ੁਦਾ ਕੀ ਸ਼ਾਨ ਦੇਖੇਂਗੇ।"

ਪਰ ਜੋ ਮੈਂ ਵੇਖਿਆ ਹੈ, ਉਹ ਖ਼ੁਦਾ ਦੀ ਸ਼ਾਨ ਨਹੀਂ, ਬੰਦੇ ਦੀ ਸ਼ਾਨ ਹੈ। ਖ਼ੁਦਾ ਨੇ ਇੰਗਲੈਂਡ ਨੂੰ ਬਹੁਤਾ ਨਹੀਂ ਦਿਤਾ। ਸਾਲ ਵਿਚੋਂ ਚਾਰ ਮਹੀਨੇ ਦੇ ਖਾਣ ਜੋਗਾ ਵੀ ਇੰਗਲੈਂਡ ਵਿਚ ਪੈਦਾ ਨਹੀਂ ਹੁੰਦਾ। ਪਰ ਇਹ ਓਥੋਂ ਦੇ ਹੁਕਮਰਾਨਾਂ ਦੀ ਹਿਕਮਤ ਹੈ, ਕਿ ਓਥੇ ਕਿਸੇ ਚੀਜ਼ ਦੀ ਥੁੜ ਨਹੀਂ।

ਅਸੀਂ (ਮੈਂ ਤੇ ਮੇਰੇ ਢਾਡੀ ਜਥੇ ਦੇ ਤਿੰਨ ਸਾਥੀ) ਗਿਆਰਾਂ ਅਪ੍ਰੈਲ, ੧੯੭੭ ਈ: ਨੂੰ ਸਵੇਰੇ ਸੱਤ ਵੱਜ ਕੇ ਪੰਝੀ ਮਿੰਟ 'ਤੇ ਦਿੱਲੀ ਤੋਂ ਹਵਾਈ ਜਹਾਜ਼ 'ਤੇ ਰਵਾਨਾ ਹੋਏ, ਤੇ ਓਸੇ ਸ਼ਾਮ ਨੂੰ ਗਿਆਰਾਂ ਵੱਜ ਕੇ ਦਸ ਮਿੰਟ 'ਤੇ ਲੰਡਨ ਪਹੁੰਚ ਗਏ। ਇਹ ਭਾਰਤੀ ਵਕਤ ਸੀ। ਓਥੇ ਸ਼ਾਮ ਦੇ ਸੱਤ ਵੀ ਨਹੀਂ ਸਨ ਵੱਜੇ।

ਸਾਨੂੰ ਰਾਹਦਾਰੀ ਗੁਰਦੁਆਰਾ 'ਵੂਲਵਰ ਹੈਪਟਨ' ਵੱਲੋਂ ਆਈ ਸੀ। ਪਰਬੰਧਕ ਅੱਗੇ ਆਏ ਹੋਏ ਸਨ। ਓਸੇ ਰਾਤ ਅਸੀਂ ਵੂਲਵਰ ਹੈਪਟਨ ਪੁੱਜ ਗਏ, ਤੇ ਅਗਲੇ ਦਿਨ ਤੋਂ ਕੀਰਤਨ ਸ਼ੁਰੂ ਹੋ ਗਏ।

ਏਸ ਸਫ਼ਰ ਵਿਚ ਸਿਰਫ਼ ਇਕ ਥਾਂ ਥੋੜੀ ਜੇਹੀ ਪ੍ਰੀਖਿਆ ਦੀ ਘੜੀ ਆ ਗਈ। ੨੪ ਅਪ੍ਰੈਲ ਨੂੰ ਸਾਊਥੈਂਪਟਨ ਤੋਂ ਕੁਛ ਸੱਜਣ ਗਏ, ਤੇ ਉਹ ਰਾਤੋ ਰਾਤ ਸਾਨੂੰ ਵੂਲਵਰਹੈਂਪਟਨ ਤੋਂ ਲੈ ਆਏ। ਅਗਲੇ ਦਿਨ ਓਥੇ ਕਿਸੇ ਵਿਆਹ ਦੀ ਪਾਰਟੀ ਸੀ।

ਸਵੇਰੇ ਉੱਠੇ, ਤਾਂ ਮੈਂ ਪਰਬੰਧਕਾਂ ਨੂੰ ਬੇਨਤੀ ਕੀਤੀ, ਕਿ ਮੈਨੂੰ ਉਹ ਥਾਂ ਵਿਖਾ ਦਿਤੀ ਜਾਵੇ, ਜਿੱਥੇ ਪਾਰਟੀ ਹੋਣੀ ਹੈ।

ਇਕ ਹਾਲ ਬੁੱਕ ਸੀ। ਇਕ ਸਟੇਜ ਜ਼ਰਾ ਉੱਚੀ ਸੀ। ਸਾਮ੍ਹਣੇ ਛੋਟੇ ਮੇਜ਼ ਤੇ ਕੁਰਸੀਆਂ ਲੱਗੀਆਂ ਹੋਈਆਂ ਸਨ, ਤੇ ਮੇਜ਼ਾਂ ਉਤੇ ਸ਼ਰਾਬ ਦੀਆਂ

ਬੋਤਲਾਂ ਪਈਆਂ ਸਨ।

ਪਰਬੰਧਕਾਂ ਦੱਸਿਆ, ਕਿ ਤੁਸੀਂ ਐਸ ਉੱਚੀ ਸਟੇਜ 'ਤੇ ਖਲੋਵੋਗੇ, ਤੇ ਪਾਰਟੀ 'ਤੇ ਬੁਲਾਏ ਹੋਏ ਸੱਜਣ-ਮਿੱਤਰ ਸਾਮ੍ਹਣੇ ਛਕਣ ਛਕੌਣਗੇ।

ਮੈਂ ਬੜੀ ਨਮਰਤਾ ਨਾਲ ਕਿਹਾ, "ਅਫ਼ਸੋਸ, ਮੈਂ ਐਸਾ ਨਹੀਂ ਕਰ ਸਕਾਂਗਾ। ਮੈਂ ਗੁਰੂ ਘਰ ਦਾ ਢਾਡੀ ਹਾਂ। ਮੈਂ ਸਿਰਫ਼ ਓਥੇ ਕੀਰਤਨ ਕਰਾਂਗਾ, ਜਿੱਥੇ ਗੁਰੂ ਮਹਾਰਾਜ ਦਾ ਪ੍ਰਕਾਸ਼ ਹੋਵੇ।"

ਪਰਬੰਧਕਾਂ ਨੂੰ ਬੜੀ ਹੈਰਾਨੀ ਹੋਈ। ਇਕ ਸੱਜਣ ਨੇ ਕਿਹਾ, "ਅੱਗੇ ਤਾਂ ਕਦੇ ਕਿਸੇ ਨੇ ਐਸਾ ਇਤਰਾਜ਼ ਨਹੀਂ ਸੀ ਕੀਤਾ। ਏਥੇ ਸਾਰੇ ਹੀ ਛਕਦੇ ਛਕੌਂਦੇ ਨੇ। ਸੌ-ਡੇਢ ਸੌ ਸੱਜਣ ਹੋਣਗੇ। ਹਰ ਇਕ ਇਕ-ਇਕ ਪੌਂਡ ਤਾਂ ਦੇਂਦਾ ਹੀ ਹੈ। ਅਸਾਂ ਸੋਚਿਆ ਸੀ, ਆਪ ਐਨੀ ਦੂਰੋਂ ਆਏ ਹੋ, ਕੁਛ ਸੇਵਾ ਹੋ ਜਾਇਗੀ।"

ਮੈਂ ਫਿਰ ਵੀ ਬੜੀ ਨਰਮ ਸੁਰ ਵਿਚ ਉਤਰ ਦਿਤਾ, "ਹਰ ਆਦਮੀ ਦੇ ਕੁਛ ਆਪਣੇ ਅਸੂਲ ਹੁੰਦੇ ਹਨ। ਪੈਸਾ ਮੇਰਾ ਈਮਾਨ ਨਹੀਂ। ਮੈਂ ਮਜਬੂਰ ਹਾਂ।"

ਅਸੀਂ ੨੯ ਜੁਲਾਈ ਤਕ ਇੰਗਲੈਂਡ ਰਹੇ। ਵਧੇਰੇ ਖਿੱਚ ਸੀ, ਕੁਛ ਉਚੇਚੀਆਂ ਯਾਦਗਾਰਾਂ ਵੇਖਣ ਦੀ। ਇਕ ਦਿਨ ਅਸੀਂ ਮਹਾਰਾਜਾ ਰਣਜੀਤ ਸਿੰਘ ਦੀ ਸੁਨਹਿਰੀ ਕੁਰਸੀ ਵੇਖਣ ਗਏ। ਪਰ ਸਫਲ ਨਾ ਹੋਏ। ਇਕ ਮਿੱਤਰ ਦੀ ਕਾਰ 'ਤੇ ਗਏ ਸਾਂ, ਪਰ ਦੋ ਘੰਟੇ ਚੱਕਰ ਲਾ ਕੇ ਮੁੜ ਆਏ। ਕਾਰ ਖਲੀ ਕਰਨ ਵਾਸਤੇ ਜਗ੍ਹਾ ਨਾ ਮਿਲੀ।

ਅਗਲੇ ਦਿਨ 'ਕੋਹਿਨੂਰ' ਵੇਖਣ ਦਾ ਪ੍ਰੋਗਰਾਮ ਸੀ। ਅਸਾਂ ਪਿਛਲੇ ਦਿਨ ਵਾਲੀ ਗ਼ਲਤੀ ਨਹੀਂ ਕੀਤੀ। 'ਅੰਡਰ ਗਰਾਊਂਡ' ਰੇਲ ਪਕੜ ਲਈ। ਇੰਜੀਨੀਅਰੀ ਦਾ ਕਮਾਲ। ਉਪਰ ਸ਼ਾਨਦਾਰ ਇਮਾਰਤਾਂ ਖਲੀਆਂ ਨੇ, ਤੇ ਧਰਤੀ ਦੀ ਹਿੱਕ ਅੰਦਰ ਰੇਲ ਦੌੜੀ ਜਾ ਰਹੀ ਹੈ।

ਨੇੜੇ ਦੇ ਸਟੇਸ਼ਨ 'ਤੇ ਉਤਰ ਕੇ ਅਸੀਂ ਥੋੜਾ ਪੈਦਲ ਤੁਰ ਕੇ 'ਲੰਡਨ ਟਾਵਰ' ਜਾ ਪਹੁੰਚੇ। ਬਹੁਤ ਵੱਡਾ ਅਜਾਇਬ ਘਰ ਹੈ। ਟਿਕਟਾਂ ਲੈ ਕੇ

ਅੰਦਰ ਚਲੇ ਗਏ । ਅਨੇਕਾਂ ਮੁਲਕਾਂ ਤੋਂ ਲੁੱਟ ਖੋਹ ਕੇ ਲਿਆਂਦੀਆਂ ਬਹੁ-ਮੁੱਲੀਆਂ ਵਸਤਾਂ ਓਥੇ ਪਈਆਂ ਹਨ। ਪਰ ਸਾਡੀ ਖਿੱਚ ਤਾਂ ਸਿਰਫ਼ 'ਕੋਹਿਨੂਰ' ਵਾਸਤੇ ਸੀ।

ਇਕ ਅਲਮਾਰੀ ਦੇ ਵਿਚ 'ਕੋਹਿਨੂਰ' ਪਿਆ ਸੀ, ਪਰ ਉਹ ਵੀ ਭਾਰਤ ਵਾਂਗ ਤਿੰਨ ਟੁਕੜੇ ਹੋ ਚੁੱਕਾ ਸੀ । ਤਾਜ ਵਿਚ ਸਜਾਇਆ ਹੋਇਆ ਸੀ । ਵਿਚਲਾ ਟੁਕੜਾ ਵੱਡਾ ਸੀ, ਤੇ ਪਾਸਿਆਂ ਦੇ ਛੋਟੇ । ਬੜੀ ਸੁਰਖ਼ ਚਮਕ ਸੀ, ਜਿਵੇਂ ਬਿਜਲੀ ਦਾ ਲਾਲ ਬਲਬ ਜਗ ਰਿਹਾ ਹੋਵੇ । ਉਸ ਅਲਮਾਰੀ ਦੇ ਸਾਮ੍ਹਣੇ ਲੋਹੇ ਦੀਆਂ ਮੋਟੀਆਂ ਸੀਖਾਂ ਦਾ ਜੰਗਲਾ ਸੀ । ਦੋ ਪੁਲੀਸ ਦੇ ਸਿਪਾਹੀ ਜੰਗਲੇ ਦੇ ਅੰਦਰ ਖਲੋਤੇ ਸਨ, ਤੇ ਦੋ ਬਾਹਰ । ਵੇਖਣ ਵਾਲਿਆਂ ਨੂੰ ਸਾਮ੍ਹਣੇ ਖਲੋਣ, ਜਾਂ ਫੋਟੋ ਲੈਣ ਦੀ ਆਗਿਆ ਨਹੀਂ ਸੀ। ਅਸੀਂ ਜਿੰਨੀ ਹੌਲੀ ਚਲ ਸਕਦੇ ਸਾਂ, ਤੁਰਦੇ ਅਗ੍ਹਾਂ ਲੰਘ ਗਏ। ਉਹ ਸਾਰੀ ਰਾਤ ਮੈਨੂੰ ਨੀਂਦ ਨਹੀਂ ਆਈ।

ਸਭ ਤੋਂ ਵਧੇਰੇ ਮਨ 'ਤੇ ਚੋਟ ਲੱਗੀ, ਜਿਸ ਦਿਨ ਮ. ਦਲੀਪ ਸਿੰਘ ਦੀ ਕਬਰ ਵੇਖਣ ਗਏ। 'ਸਾਊਥਾਲ' (ਲੰਡਨ ਵਿਚ ਛੋਟਾ ਪੰਜਾਬ) ਤੋਂ ਪਚਾਨਵੇਂ ਮੀਲ ਦੂਰ ਹੈ। ਇਕ ਪੁਰਾਣਾ ਗਿਰਜਾ ਹੈ, ਜਿਸਦਾ ਦਰਵਾਜ਼ਾ ਸਦਾ ਬੰਦ ਰਹਿੰਦਾ ਹੈ। ਉਸਦੇ ਤਿੰਨੀ ਪਾਸੀਂ ਗੋਰਿਆਂ ਦੀਆਂ ਕਬਰਾਂ ਹਨ। ਸਤਾਈ ਜੁਲਾਈ ਨੂੰ ਅਸੀਂ ਓਥੇ ਪੁੱਜੇ। ਗੋਰਿਆਂ ਦੀਆਂ ਕਬਰਾਂ ਵਿਚ ਘਿਰੀਆਂ ਹੋਈਆਂ ਮ. ਰਣਜੀਤ ਸਿੰਘ ਦੇ ਪਰਵਾਰ ਦੀਆਂ ਤਿੰਨ ਕਬਰਾਂ ਹਨ। ਉਹਨਾਂ ਦੇ ਸਿਰਹਾਣੇ ਖੜੀਆਂ ਸਿਲਾਂ ਉਤੇ ਅੰਗਰੇਜ਼ੀ ਵਿਚ ਲਿਖਿਆ ਹੋਇਆ ਹੈ :—

> "ਮ. ਦਲੀਪ ਸਿੰਘ ਬਹਾਦੁਰ, ਜਨਮ ਚਾਰ ਸਤੰਬਰ, ੧੮੩੮ ਈ:
> ਚਲਾਣਾ ੨੨ ਅਕਤੂਬਰ, ੧੮੯੩ ਈ: ।"

ਉਹਨਾਂ ਦੇ ਖੱਬੇ ਹੱਥ ਉਹਨਾਂ ਦੀ ਪਹਿਲੀ ਪਤਨੀ ਸੁੱਤੀ ਪਈ ਹੈ।

ਉਸ 'ਤੇ ਲਿਖਿਆਂ ਹੈ :—

"ਮਹਾਰਾਣੀ ਬੰਬਾ, ਜਨਮ ਛੇ ਜੁਲਾਈ, ੧੮੪੮ ਈ:
ਚਲਾਣਾ ੧੮ ਅਗਸਤ, ੧੮੮੭ ਈ: ।"

ਤੀਸਰੀ ਕਬਰ ਉਹਨਾਂ ਦੇ ਸਭ ਤੋਂ ਛੋਟੇ ਲੜਕੇ ਦੀ ਹੈ। ਲਿਖਿਆ ਹੈ :—

"ਐਡਵਰਡ ਦਲੀਪ ਸਿੰਘ, ਜਨਮ ਵੀਹ ਅਗਸਤ, ੧੮੭੯ ਈ:
ਚਲਾਣਾ ਇਕ ਜੁਲਾਈ, ੧੮੯੩ ਈ: ।"

ਨੇੜੇ ਕੋਈ ਵਸੋਂ ਨਹੀਂ। ਮ. ਦਲੀਪ ਸਿੰਘ ਨੇ ਜੋ ਆਪਣੇ ਵਾਸਤੇ ਘਰ ਬਣਾਇਆ ਸੀ 'ਐਲਵੇਡਨ ਮਹਿਲ' ਉਹ ਉਸ ਥਾਂ ਤੋਂ ਤਿੰਨ-ਚਾਰ ਸੌ ਗਜ਼ ਦੂਰ ਹੈ।

ਜਦ ਮੈਂ ਤੀਸਰੀ ਵਾਰ ਫਿਰ ਇੰਗਲੈਂਡ ਗਿਆ, ਪੰਦਰਾਂ ਮਈ, ੧੯੮੧ ਨੂੰ ਫਿਰ ਦਲੀਪ ਸਿੰਘ ਦੀ ਕਬਰ ਵੇਖਣ ਗਏ। ਪਹਿਲੇ ਸੁੱਕੇ ਫੁੱਲ ਉਠਾ ਕੇ ਓਥੇ ਸੱਜਰੇ ਧਰ ਦਿਤੇ। ਦਿਲ ਭਰ ਆਇਆ। ਇਕ ਉਰਦੂ ਦਾ ਸ਼ੇਅਰ ਯਾਦ ਆ ਗਿਆ :

"ਬਰਸੋਂ ਰਹਾ ਜਿਨ ਕੇ ਸਰ ਪਹਿ ਛਤਰਿ ਜ਼ੱਰੀਂ,
ਤੁਰਬਤ ਪਹਿ ਨ ਉਨ ਕੀ ਸ਼ਾਮਿਆਨਾ ਦੇਖਾ।"

ਇਹ ਇੰਗਲੈਂਡ ਦੀ ਪਹਿਲੀ ਫੇਰੀ ਦੀ ਕਹਾਣੀ ਹੈ।

੨੮ ਜੁਲਾਈ ਨੂੰ ਮੇਰੇ ਸਾਥੀ ਦੇਸ ਨੂੰ ਵਾਪਸ ਪਰਤ ਆਏ ਤੇ ਅਸੀਂ ਦੋਵੇਂ ਜੀਅ ਕੈਨੇਡਾ ਨੂੰ ਤੁਰ ਗਏ।

—

R.S.S.K.
28-9-1995.

# ਕੌਨ ਜਾਏ 'ਜ਼ੌਕ' ਪਰ ਦਿੱਲੀ ਕੀ ਗਲੀਆਂ ਛੋੜ ਕਰ

ਹਜ਼ਰਤ 'ਜ਼ੌਕ' ਉਰਦੂ ਦੇ ਮਹਾਨ ਸ਼ਾਇਰ ਸਨ। ਆਪ ਅੰਤਮ ਮੁਗ਼ਲ ਬਾਦਸ਼ਾਹ 'ਬਹਾਦਰ ਸ਼ਾਹ 'ਜ਼ਫ਼ਰ' ਦੇ ਉਸਤਾਦ ਵੀ ਸਨ। ਉਸਤਾਦ ਬਾਦਸ਼ਾਹ ਦੇ ਤੇ ਤਨਖ਼ਾਹ ਪੰਜ ਰੁਪੈ ਮਹੀਨਾ। ਹਜ਼ਰਤ 'ਜ਼ੌਕ' ਆਪਣੀ ਗ਼ਰੀਬੀ ਵਿਚ ਹੀ ਖ਼ੁਸ਼ ਸਨ।

ਇਕ ਵਾਰ ਨਵਾਬ ਹੈਦਰਾਬਾਦ ਦਾ ਆਦਮੀ ਦਿੱਲੀ ਆਇਆ। ਨਵਾਬ ਸਾਹਿਬ ਵੱਲੋਂ ਉਹਨੇ ਬੜੀ ਚੰਗੀ ਤਨਖ਼ਾਹ ਤੇ ਹਰ ਕਿਸਮ ਦੀਆਂ ਸਹੂਲਤਾਂ ਦਾ ਵਾਅਦਾ ਕੀਤਾ। ਕਈ ਦਿਨ ਸੋਚਣ ਪਿੱਛੋਂ ਹਜ਼ਰਤ 'ਜ਼ੌਕ' ਨੇ ਏਹਾ ਉਤਰ ਦਿਤਾ,

"ਕੌਨ ਜਾਏ ਜ਼ੌਕ ਪਰ ਦਿੱਲੀ ਕੀ ਗਲੀਆਂ ਛੋੜ ਕਰ।"

ਸਾਡਾ ਛੋਟਾ ਪੁੱਤਰ 'ਡਾ. ਰਘਬੀਰ ਸਿੰਘ ਸੀਤਲ' ਕੈਨੇਡਾ ਦਾ ਸ਼ਹਿਰੀ ਬਣ ਚੁੱਕਾ ਸੀ। ਉਸ ਤੋਂ ਵੱਡਾ ਸੁਰਜੀਤ ਸਿੰਘ ਵੀ ਓਥੇ ਜਾ ਵੱਸਿਆ। ੧੯੭੭ ਈ. ਵਿਚ ਉਹਨਾਂ ਸਾਨੂੰ ਵੀ ਬੁਲਾ ਲਿਆ। ਅਸੀਂ ਦੋਵੇਂ ਪੱਕੇ ਵੀਜ਼ੇ 'ਤੇ ਕੈਨੇਡਾ ਪਹੁੰਚੇ।

ਸਾਡੇ ਭਵਿੱਖ ਬਾਰੇ ਸਲਾਹਾਂ ਹੋਣ ਲੱਗੀਆਂ। ਰਘਬੀਰ ਸਿੰਘ ਦਾ ਕਹਿਣਾ ਸੀ, "ਪਿਤਾ ਜੀ! ਓਸ ਮੁਲਕ ਵਿਚ ਵੀ ਵੱਸਣ ਦਾ ਕੋਈ ਹੱਜ ਹੈ, ਜਿੱਥੇ ਸੌ ਸਾਲ ਦੇ ਬੁੱਢੇ ਨੂੰ ਵੀ ਰੋਟੀ ਬਦਲੇ ਮੁਸ਼ੱਕਤ ਕਰਨੀ ਪਵੇ? ਸਰੀਰ ਵਿਚ ਸੱਤਿਆ ਹੋਵੇ ਭਾਵੇਂ ਨਾ ਹੋਵੇ, ਪਰ ਉਮਰ-ਕੈਦੀ ਵਾਂਗ ਰੋਟੀ ਬਦਲੇ ਕਸ਼ਟ ਸਹਿਣਾ ਹੀ ਪਵੇਗਾ। ਏਥੇ ਪੈਂਹਠ ਸਾਲ ਦੀ ਉਮਰ ਪਿੱਛੋਂ ਰੋਟੀ ਕੱਪੜੇ ਤੇ ਰਿਹਾਇਸ਼ ਦੀ ਜ਼ਿੰਮੇਵਾਰੀ ਸਰਕਾਰ ਦੇ ਸਿਰ ਹੈ। ਅਸਾਂ ਤੁਹਾਨੂੰ ਵਾਪਸ ਨਹੀਂ ਜਾਣ ਦੇਣਾ। ਤਿੰਨ ਸਾਲ ਪਿੱਛੋਂ ਤੁਹਾਨੂੰ ਕੈਨੇਡਾ ਦਾ ਸ਼ਹਿਰੀ ਮੰਨ ਲਿਆ ਜਾਵੇਗਾ। ਏਥੋਂ ਦਾ ਪਾਸਪੋਰਟ ਮਿਲ

ਜਾਵੇਗਾ। ਜਦੋਂ ਚਾਹੋ, ਦੋ ਚਾਰ ਮਹੀਨੇ ਦੇਸ ਜਾ ਕੇ ਫਿਰ-ਤੁਰ ਆਇਆ ਕਰਨਾ। ਪੈਂਹਠ ਸਾਲ ਦੀ ਉਮਰ ਪਿੱਛੋਂ ਆਪ ਪੈਨਸ਼ਨ ਦੇ ਹੱਕਦਾਰ ਬਣ ਜਾਉਗੇ। ਨਾਲੇ ਅਸਾਂ ਵੱਡੇ ਭਰਾ ਨੂੰ ਵੀ ਛੇਤੀ ਸੱਦ ਲੈਣਾ ਹੈ। ਫਿਰ ਇਕੱਲੇ ਓਥੇ ਕਿਵੇਂ ਰਹੋਗੇ ?"

"ਰਘਬੀਰ !" ਮੈਂ ਬੜੀ ਸ਼ਾਂਤ ਸੁਰ ਵਿਚ ਉੱਤਰ ਦਿਤਾ, "ਮੈਂ ਇਸ ਮੁਲਕ ਦੀ ਕੀ ਸੇਵਾ ਕੀਤੀ ਏ, ਜੋ ਇਸ ਤੋਂ ਪੈਨਸ਼ਨ ਲੈਣ ਬਾਰੇ ਸੋਚਾਂ।"

"ਤੁਸਾਂ ਬੜੀ ਭਾਰੀ ਸੇਵਾ ਕੀਤੀ ਏ। ਇਕ ਪੁੱਤਰ ਨੂੰ ਡਾਕਟਰ ਬਣਾ ਕੇ ਇਸ ਮੁਲਕ ਨੂੰ ਸੌਂਪ ਦਿਤਾ ਏ। ਮੇਹਨਤ ਤੁਹਾਡੀ ਹੈ, ਤੇ ਮੇਰੀ ਡਾਕਟਰੀ ਦਾ ਲਾਭ ਇਹ ਮੁਲਕ ਉਠਾ ਰਿਹਾ ਹੈ।"

ਹਫ਼ਤਾ ਭਰ ਇਸ ਗੱਲ ਤੇ ਬਹਿਸ ਹੁੰਦੀ ਰਹੀ। ਪਰ ਮੇਰੇ ਸਾਮ੍ਹਣੇ ਹਜ਼ਰਤ 'ਜ਼ੌਕ' ਦੀ ਮਿਸਾਲ ਸੀ :

"ਕੌਨ ਜਾਏ ਜ਼ੌਕ ਪਰ ਦਿੱਲੀ ਕੀ ਗਲੀਆਂ ਛੋੜ ਕਰ।"

ਅਸੀਂ ਦੋਵੇਂ ਦੋ ਮਹੀਨੇ ਪਿੱਛੋਂ ਹੀ ਵਾਪਸ ਏਥੇ ਆ ਗਏ।

ਕੁਛ ਹੋਰ :

ਜੱਦੀ ਪਿੰਡ 'ਕਾਦੀਵਿੰਡ' ਨਾਲੋਂ ਕਈ ਗੱਲਾਂ ਵਿਚ ਮੈਂ ਏਥੇ ਸੁਖੀ ਹਾਂ। ਪਰ ਜਿੰਨ੍ਹਾਂ ਖੇਤਾਂ ਵਿਚ ਮੇਰੇ ਵੱਡਿਆਂ ਦਾ ਮੁੜ੍ਹਕਾ ਡੁੱਲ੍ਹਾ ਸੀ, (ਕਈ ਹਾਲਤਾਂ ਵਿਚ ਮੁੜ੍ਹਕਾ ਲਹੂ ਨਾਲੋਂ ਵੀ ਕੀਮਤੀ ਹੁੰਦਾ ਹੈ।) ਜਿਸ ਵਿਹੜੇ ਵਿਚ ਮੈਂ ਰਿੜ੍ਹਨਾ ਸਿੱਖਿਆ ਸੀ, ਜਿੰਨ੍ਹਾ ਗਲੀਆਂ ਵਿਚ ਮੇਰਾ ਬਚਪਨ ਖੇਡਿਆ ਸੀ, ਰਾਤ ਸੁਪਨਾ ਆਵੇਗਾ, ਤਾਂ ਉਹਨਾਂ ਥਾਂਵਾਂ ਦਾ ਹੀ ਆਵੇਗਾ। ਲੁਧਿਆਣੇ ਦਾ ਸੁਪਨਾ ਕਦੇ ਨਹੀਂ ਆਇਆ।

—

ਗਿਆਨੀ ਸਰੂਪ ਸਿੰਘ ਕੰਡਿਆਣਾ
ਪੰਥਕ ਢਾਡੀ ਜੱਥਾ
98150-03075
ਕੰਡਿਆਣਾ ਤਹਿ: ਫਿਲੌਰ (ਜਲੰਧਰ)
G.S.S.K.
28-9-1995

# ਬੋਦੀ ਵਾਲਾ ਤਾਰਾ

ਨਿੱਕੇ ਹੁੰਦਿਆਂ ਬਜ਼ੁਰਗਾਂ ਕੋਲੋਂ ਸੁਣਨਾ, ਕਿ 'ਬੋਦੀ ਵਾਲਾ ਤਾਰਾ' ਬੜਾ ਨਹਿਸ਼ ਹੁੰਦਾ ਹੈ। ਜਿਸ ਮੁਲਕ ਵਿਚ ਉਹ ਨਜ਼ਰ ਆ ਜਾਵੇ, ਉਸਦਾ ਬਹੁਤ ਨੁਕਸਾਨ ਹੁੰਲਾ ਹੈ। ਉਸਨੂੰ 'ਰੱਬੀ ਕਹਿਰ' ਦੀ ਨਸ਼ਾਨੀ ਸਮਝੋ।

ਕਹਿੰਦੇ ਨੇ, ਓਦੋਂ ਪੰਜਾਬ ਵਿਚ 'ਬੋਦੀ ਵਾਲਾ ਤਾਰਾ' ਨਜ਼ਰ ਆਇਆ ਸੀ, ਜਦ 'ਅਹਿਮਦ ਸ਼ਾਹ ਅਬਦਾਲੀ' ਨੇ ਹਰਿਮੰਦਰ ਸਾਹਿਬ ਢਾਹਿਆ ਸੀ। ਅਬਦਾਲੀ ਪਰਦੇਸੀ ਲੁਟੇਰਾ ਸੀ। ਉਹਦਾ ਕੋਈ ਧਰਮ ਨਹੀਂ ਸੀ। ਧਰਮ ਹੁੰਦਾ, ਤਾਂ ਚੌਂਹ ਵਰਣਾ ਦੇ ਸਾਂਝੇ 'ਹਰਿਮੰਦਰ' ਨੂੰ ਨਾ ਢਾਹੁੰਦਾ, ਜੀਹਦੀ ਨੀਂਵ ਇਕ ਮੁਸਲਮਾਨ ਧਰਮਾਤਮਾ 'ਮੀਆਂ ਮੀਰ' ਨੇ ਰੱਖੀ ਸੀ। ਇਹ ਸਭ 'ਬੋਦੀ ਵਾਲੇ ਤਾਰੇ' ਦਾ ਅਸਰ ਸੀ।

ਅੱਜ ਮੈਂ ਸੋਚਦਾ ਹਾਂ, ਕਿ ਕੋਈ ਵੀ ਗ਼ੈਰ-ਮਾਮੂਲੀ ਤਾਰਾ ਸਦਾ ਨਹਿਸ਼ ਹੁੰਦਾ ਹੈ, ਭਾਵੇਂ ਉਹ ਬੋਦੀਵਾਲਾ ਹੋਵੇ ਭਾਵੇਂ 'ਨੀਲਾ ਤਾਰਾ'।

੧੯੮੪ ਈ. ਵਿਚ 'ਨੀਲਾ ਤਾਰਾ' ਚਮਕਿਆ। ਉਹਨੇ 'ਅਕਾਲ ਤਖ਼ਤ' ਢਾਹ ਦਿਤਾ। ਇਹ ਕੁਛ ਸਾਡੇ ਆਪਣੇ ਰਾਜ ਵਿਚ ਹੋਇਆ, ਜਿਹੜਾ ਸਾਡੀਆਂ ਵੋਟਾਂ ਨਾਲ ਬਣਿਆਂ ਸੀ।

ਫ਼ਾਰਸੀ ਦਾ ਮੁਹਾਵਰਾ ਹੈ, 'ਕਹਿਰਿ ਦਰਵੇਸ਼, ਬਰ ਜਾਨਿ ਦਰਵੇਸ਼'। ਕੇਈ ਦਿਨ ਮੈਨੂੰ ਨੀਂਦ ਨਾ ਆਈ।

ਸਿੱਖ ਅੰਮ੍ਰਿਤਸਰ ਜਾਵੇ, ਤੇ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਬਿਨਾਂ ਹੀ ਪਰਤ ਆਵੇ, ਬੜੀ ਅਨੋਖੀ ਗੱਲ ਜਾਪਦੀ ਹੈ। ਮੈਂ ਤਿੰਨ ਵਾਰ ਗਿਆ, ਪਰ ਹਰਿਮੰਦਰ ਸਾਹਿਬ ਦੇ ਹਜ਼ੂਰ ਜਾਣ ਦੀ ਹਿੰਮਤ ਨਾ ਪਈ।

ਕਿੰਨਾ ਵੀ ਗਹਿਰਾ ਜ਼ਖ਼ਮ ਹੋਵੇ, ਉਸ 'ਤੇ ਥੋੜਾ ਬਹੁਤਾ ਅੰਗੂਰ ਆ ਹੀ ਜਾਂਦਾ ਹੈ।

ਢੌਹਣ ਵਾਲਿਆਂ 'ਅਕਾਲ ਤਖ਼ਤ' ਮੁਰੰਮਤ ਕਰੱਾ ਦਿਤਾ। ਕੱਚੇ

ਜ਼ਖ਼ਮ 'ਤੇ ਪੱਟੀ ਬੰਨ੍ਹ ਦਿਤੀ। ਸਰੋਵਰ ਦੀ ਸਫ਼ਾਈ ਦੀ ਸੇਵਾ ਬਾਬਾ ਖੜਕ ਸਿੰਘ ਜੀ (ਬੀੜ ਸਾਹਿਬ ਵਾਲਿਆਂ) ਨੂੰ ਸੌਂਪ ਦਿਤੀ। ਫਿਰ ਮੈਂ ਹੌਸਲਾ ਕਰ ਕੇ ਗਿਆ। ਉਸ ਦਿਨ ਸਰੋਵਰ ਵਿਚ ਦੀਵਾਰ ਕਰਕੇ, ਸੇਵਕ ਇਕ ਪਾਸਿਓਂ ਮੱਛੀਆਂ ਫੜ ਫੜ ਦੂਸਰੇ ਪਾਸੇ ਪਾਣੀ ਵਿਚ ਛੱਡ ਰਹੇ ਸਨ।

ਮੈਂ ਘੰਟਾ ਘਰ ਵਾਲੇ ਪਾਸਿਓਂ ਪਰਕਰਮਾਂ ਵਿਚ ਉਤਰਿਆ। ਸਾਮ੍ਹਣੇ ਝਾਤੀ ਮਾਰੀ, ਤਾਂ ਮੈਨੂੰ ਸਭ ਕੁਛ ਬਦਲਿਆ ਨਜ਼ਰ ਆਇਆ। ਮੈਨੂੰ ਇਉਂ ਮਹਿਸੂਸ ਹੋਇਆ, ਕਿ ਸ਼ਾਇਦ ਮੈਂ ਬੇਹੋਸ਼ ਹੋ ਕੇ ਡਿੱਗ ਪਵਾਂਗਾ। ਛੇਤੀ ਨਾਲ ਮੈਂ ਓਥੋਂ ਹੀ ਪਰਤ ਆਇਆ। ਮਾਈ ਸੇਵਾਂ ਦੇ ਬਜ਼ਾਰ ਵਿਚ ਮੈਂ ਇਕ ਦੁਕਾਨ 'ਤੇ ਘੰਟਾ ਭਰ ਬੈਠਾ ਰਿਹਾ। ਦਿਲ ਕੁਛ ਥਾਂਵੇਂ ਹੋਇਆ, ਤਾਂ ਮੈਂ ਵਾਪਸ ਪਰਤ ਆਇਆ।

ਸੋਚਦਾ ਹਾਂ, ਕਿ ਦੋਹਾਂ ਤਾਰਿਆਂ ਵਿਚੋਂ ਵਧੇਰੇ ਨਹਿਸ਼ ਕਿਹੜਾ ਸੀ? ਬੋਦੀ ਵਾਲਾ ਤਾਰਾ, ਜਾਂ ਨੀਲਾ ਤਾਰਾ?

ਅੱਸੀ ਸਾਲ ਦਾ ਹੋ ਗਿਆ ਹਾਂ। ਹੁਣ ਤਾਂ ਇਹ ਚਿੰਤਾ ਖਾਈ ਜਾ ਰਹੀ ਹੈ, ਕਿ ਪਤਾ ਨਹੀਂ ਅਜੇ ਹੋਰ ਕੀ ਕੁਛ ਸਹਿਣਾ ਪਵੇਗਾ।

੭-੮-੧੯੮੯ ਈ.

---

G. S.S.K.
28-9-1995

ਸਾਰੀ ਕਿਤਾਬ [illegible]

( [illegible] )
28-9-1995